Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 293 11/04/2026 www.samajweekly.com samajweekly @samajweekly samajweekly

# ਇਰਾਨ ਨੇ ਅਮਰੀਕਾ ਨਾਲ ਗੱਲਬਾਤ ਕਰਨ ਤੋਂ ਕੀਤਾ ਇਨਕਾਰ

## ਕਿਹਾ, 'ਲਿਬਨਾਨ 'ਚ ਜੰਗਬੰਦੀ ਲਾਗੂ ਹੋਣ ਤੱਕ ਕੋਈ ਸਮਝੌਤਾ ਨਹੀਂ'

**ਤੇਲ ਅਵੀਵ** : ਇਰਾਨ ਨੇ ਪਾਕਿ-ਸਤਾਨ ਵਿੱਚ ਹੋਣ ਵਾਲੇ ਜੰਗਬੰਦੀ ਸਮਝੌਤੇ ਵਿੱਚ ਹਿੱਸਾ ਲੈਣ ਤੋਂ ਇਨਕਾਰ ਕਰ ਦਿੱਤਾ ਹੈ । ਇਰਾਨੀ ਮੀਡੀਆ ਅਨੁਸਾਰ ਇਰਾਨ ਨੇ ਕਿਹਾ ਹੈ ਕਿ ਉਹ ਲਿਬਨਾਨ ਵਿੱਚ ਜੰਗਬੰਦੀ ਲਾਗੂ ਹੋਣ ਤੱਕ ਗੱਲਬਾਤ ਨਹੀਂ ਕਰੇਗਾ। ਇਸ ਤੋਂ ਪਹਿਲਾਂ ਅਮਰੀਕੀ ਵੈੱਬਸਾਈਟ ਵਾਲ ਸਟਰੀਟ ਜਰਨਲ ਨੇ ਰਿਪੋਰਟ ਦਿੱਤੀ ਸੀ ਕਿ ਸੰਸਦ ਦੇ ਸਪੀਕਰ ਗਾਲਿਬਾਫ ਅਤੇ ਵਿਦੇਸ਼ ਮੰਤਰੀ ਅਰਾਘਚੀ ਸਮੇਤ ਇੱਕ ਇਰਾਨੀ ਵਫ਼ਦ ਵੀਰਵਾਰ ਸ਼ਾਮ ਨੂੰ ਪਾਕਿਸਤਾਨ ਪਹੁੰਚਿਆ ਸੀ। ਜਦਕਿ ਇਰਾਨੀ ਮੀਡੀਆ ਨੇ ਇਸ ਖ਼ਬਰ ਨੂੰ ਝੂਠ ਦੱਸਿਆ।



ਇਸ ਤੋਂ ਪਹਿਲਾਂ 7 ਅਪ੍ਰੈਲ ਨੂੰ ਅਮਰੀਕਾ ਅਤੇ ਇਰਾਨ ਦੋ ਹਫ਼ਤਿਆਂ ਦੀ ਜੰਗਬੰਦੀ 'ਤੇ ਸਹਿਮਤ ਹੋਏ ਸਨ। ਇਹ ਵੀ ਫੈਸਲਾ ਕੀਤਾ ਗਿਆ ਸੀ ਕਿ ਦੋਵਾਂ ਦੇਸ਼ਾਂ ਦੇ ਨੇਤਾ ਇੱਕ ਮੀਟਿੰਗ ਲਈ ਪਾਕਿਸਤਾਨ ਵਿੱਚ ਮਿਲਣਗੇ। ਇਹ ਗੱਲਬਾਤ ਸ਼ਨੀਵਾਰ ਨੂੰ ਇਸਲਾਮਾਬਾਦ ਵਿੱਚ ਹੋਣ ਵਾਲੀ ਹੈ। ਇਸ ਮਕਸਦ ਲਈ ਅਮਰੀਕੀ ਵਫ਼ਦ ਅੱਜ ਇਸਲਾਮਾਬਾਦ ਪਹੁੰਚੇਗਾ।

## ਨੇਤਨਯਾਹੂ ਵੱਲੋਂ ਲੈਬਨਾਨ ਨਾਲ ਸਿੱਧੀ ਗੱਲਬਾਤ ਦੀ ਮਨਜ਼ੂਰੀ

ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਵੀਰਵਾਰ ਨੂੰ ਐਲਾਨ ਕੀਤਾ ਹੈ ਕਿ ਉਨ੍ਹਾਂ ਨੇ ਲੈਬਨਾਨ ਨਾਲ ਜਿੰਨੀ ਜਲਦੀ ਹੋ ਸਕੇ ਸਿੱਧੀ ਗੱਲਬਾਤ ਸ਼ੁਰੂ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਨੇਤਨਯਾਹੂ ਨੇ ਦੱਸਿਆ ਕਿ ਉਨ੍ਹਾਂ ਨੇ ਇਹ ਹੁਕਮ ਲੈਬਨਾਨ ਵੱਲੋਂ ਕੀਤੀਆਂ ਗਈਆਂ ਅਪੀਲਾਂ ਦੇ ਜਵਾਬ ਵਿੱਚ ਦਿੱਤੇ ਹਨ। ਉਨ੍ਹਾਂ ਅਨੁਸਾਰ, ਇਸ ਗੱਲਬਾਤ ਦਾ ਮੁੱਖ ਕੇਂਦਰ ਹਿਜ਼ਬੁੱਲਾ ਨੂੰ ਹਥਿਆਰ ਮੁਕਤ ਅਤੇ ਦੋਵਾਂ ਗੁਆਂਢੀ ਦੇਸ਼ਾਂ ਵਿਚਕਾਰ ਸ਼ਾਂਤੀਪੂਰਨ ਸਬੰਧ ਸਥਾਪਤ ਕਰਨਾ ਹੋਵੇਗਾ। ਇਰਾਨ ਨੇ ਅਮਰੀਕਾ 'ਤੇ ਜੰਗਬੰਦੀ ਦੀਆਂ ਤਿੰਨ ਮੁੱਖ ਸ਼ਰਤਾਂ ਦੀ ਉਲੰਘਣਾ ਕਰਨ ਦਾ ਗੰਭੀਰ ਦੋਸ਼ ਲਗਾਇਆ ਹੈ। ਇਰਾਨੀ ਸੰਸਦ ਦੇ ਸਪੀਕਰ ਮੁਹੰਮਦ ਬਾਕਿਰ ਗਾਲੀਬਾਫ ਨੇ ਕਿਹਾ ਹੈ ਕਿ ਅਮਰੀਕਾ ਨੇ 10-ਨੁਕਾਤੀ ਪ੍ਰਸਤਾਵ ਦੀਆਂ ਬੁਨਿਆਦੀ ਸ਼ਰਤਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਇਰਾਨ ਨੇ ਸਾਫ਼ ਲਫ਼ਜ਼ਾਂ ਵਿੱਚ ਕਿਹਾ ਹੈ ਕਿ ਜਿਸ ਬੁਨਿਆਦ 'ਤੇ ਗੱਲਬਾਤ ਸ਼ੁਰੂ ਹੋਣੀ ਸੀ, ਉਹ ਹੁਣ ਖ਼ਤਮ ਹੋ ਚੁੱਕੀ ਹੈ, ਜਿਸ ਕਾਰਨ ਅੱਗੇ ਦੀ ਗੱਲਬਾਤ ਜਾਂ ਜੰਗਬੰਦੀ ਦੀ ਹੁਣ ਕੋਈ ਤੁਕ ਨਹੀਂ ਰਹਿ ਜਾਂਦੀ। ਇਸ ਦੇ ਉਲਟ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਜਦੋਂ ਤੱਕ ਇਰਾਨ ਨਾਲ ਹੋਇਆ ਸਮਝੌਤਾ ਪੂਰੀ ਤਰ੍ਹਾਂ ਅਮਲ ਵਿੱਚ ਨਹੀਂ ਆਉਂਦਾ, ਉਦੋਂ ਤੱਕ ਅਮਰੀਕੀ ਫੌਜ ਇਰਾਨ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਤਾਇਨਾਤ ਰਹੇਗੀ। ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਲਿਖਿਆ ਕਿ ਅਮਰੀਕਾ ਪੂਰੀ ਤਰ੍ਹਾਂ ਤਿਆਰ ਹੈ ਅਤੇ ਇਸ ਮਾਮਲੇ 'ਤੇ ਨਜ਼ਰ ਰੱਖ ਰਿਹਾ ਹੈ।

# ਪੰਜਾਬ ਦੇ ਕਿਸਾਨਾਂ ਦੀ ਬਾਂਹ ਕਿਸੇ ਵੀ ਸਰਕਾਰ ਨੇ ਨਹੀਂ ਫੜੀ : ਰਾਕੇਸ਼ ਟਿਕੈਤ

## ਕਿਸੇ ਵੀ ਪਾਰਟੀ ਨੇ ਕਿਸਾਨਾਂ ਦਾ ਕੋਈ ਮੁੱਦਾ ਨਹੀਂ ਚੁੱਕਿਆ

**ਸਮਰਾਲਾ** : ਸੰਯੁਕਤ ਕਿਸਾਨ ਮੋਰਚੇ ਦੇ ਆਗੂ ਰਕੇਸ਼ ਟਿਕੈਤ ਅੱਜ ਸਮਾਰਾਲਾ ਵਿਖੇ ਪਹੁੰਚੇ ਅਤੇ ਉਹਨਾਂ ਨੇ ਐਸ.ਕੇ.ਐਮ. ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਅਤੇ ਲੱਖੋਵਾਲ ਦੇ ਨਾਲ ਗੱਲਬਾਤ ਵੀ ਕੀਤੀ ਅਤੇ ਉਨ੍ਹਾਂ ਦਾ ਹਾਲ ਜਾਣਿਆ। ਇਸ ਮੌਕੇ ਰਕੇਸ਼ ਟਕੈਤ ਨੇ ਮੀਡੀਆ ਨਾਲ ਗੱਲਬਾਤ ਕਰਦੇ ਕਿਹਾ ਮੋਗਾ 'ਚ ਇੱਕ ਕਿਸਾਨਾਂ ਨੂੰ ਜਾਗਰੂਕਤਾ ਕਰਨ ਲਈ ਸੈਮੀਨਾਰ ਰੱਖਿਆ ਗਿਆ ਸੀ ਅਤੇ ਇਸ ਸੈਮੀਨਾਰ 'ਚ 2000 ਤੋਂ 2500 ਕਿਸਾਨਾਂ ਨੇ ਹਿੱਸਾ ਲਿਆ । ਉਹਨਾਂ ਕਿਹਾ ਕਿ ਪੰਜਾਬ



'ਚ ਕਿਸਾਨਾਂ ਦੇ ਹੱਕ ਵਿੱਚ ਨਾ ਤਾਂ ਪੰਜਾਬ ਸਰਕਾਰ ਹੈ ਤੇ ਨਾ ਹੀ ਕੇਂਦਰ ਦੀ ਸਰਕਾਰ ਹੈ ਅਤੇ ਨਾ ਹੀ ਕਿਸੇ ਨੇ ਕਿਸਾਨਾਂ ਦੀ ਬਾਂਹ ਫੜੀ ਹੈ । ਉਹਨਾਂ ਨੇ ਕਿਹਾ ਕਿ ਅੱਜ ਤੱਕ ਨਾ ਹੀ ਪੰਜਾਬ ਸਰਕਾਰ ਨੇ ਕਿਸਾਨਾਂ ਦੇ ਐਮ.ਐਸ.ਪੀ. ਦੇ ਮੁੱਦੇ ਤੇ ਕੋਈ ਗੱਲਬਾਤ ਕੀਤੀ ਅਤੇ ਨਾ ਹੀ ਕੇਂਦਰ ਸਰਕਾਰ ਨੇ ਗੱਲਬਾਤ ਕੀਤੀ ਹੈ, ਜਦੋਂ ਕਿਸਾਨ ਆਪਣੀ ਪੱਕੀ ਹੋਈ ਫਸਲ ਨੂੰ ਮੰਡੀਆਂ ਵਿੱਚ ਲੈ ਕੇ ਆਉਂਦੇ ਹਨ ਤਾਂ ਕਿਸਾਨਾਂ ਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਬਲਵੀਰ ਸਿੰਘ ਰਾਜੇਵਾਲ ਨੇ ਮੀਡੀਆ ਨਾਲ ਗੱਲਬਾਤ ਕਰਦੇ ਕਿਹਾ ਕਿ ਪੰਜਾਬ ਦੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਕਦੇ ਅਕਾਲੀ ਦਲ ਦੇ ਖਿਲਾਫ ਬੋਲਦੀ ਹੈ ਕਦੇ ਕਾਂਗਰਸ ਦੇ ਖਿਲਾਫ ਬੋਲਦੀ ਹੈ ਜਾਂ ਕੇਂਦਰ ਦੀ ਸਰਕਾਰ ਦੇ ਖਿਲਾਫ ਬੋਲਦੀ ਹੈ । ਪਰ ਅੱਜ ਤੱਕ ਪੰਜਾਬ ਦੇ ਕਿਸਾਨਾਂ ਲਈ ਕਿਸੇ ਵੀ ਪਾਰਟੀ ਨੇ ਕੋਈ ਵੀ ਮੁੱਦਾ ਨਹੀਂ ਚੱਕਿਆ ਅੱਜ ਵੀ ਕਿਸਾਨਾਂ ਦੇ ਆਲੂ ਖੇਤਾਂ ਵਿੱਚ ਰੁਲ ਰਿਹਾ ਹੈ ਜਿਸ ਨੂੰ ਕੋਈ ਵੀ ਚੁੱਕਣ ਲਈ ਤਿਆਰ ਨਹੀਂ।

## ਪੰਜਾਬ ਸਕੂਲ ਸਿੱਖਿਆ ਬੋਰਡ ਨੇ ਅੱਠਵੀਂ ਦਾ ਨਤੀਜਾ ਐਲਾਨਿਆ; ਪਹਿਲੇ ਤਿੰਨ ਸਥਾਨਾਂ 'ਤੇ ਲੜਕੀਆਂ ਕਾਬਜ਼

**ਮੁਹਾਲੀ** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅਕਾਦਮਿਕ ਸਾਲ 2025-2026 ਦੀ ਅੱਠਵੀਂ ਸ਼੍ਰੇਣੀ ਦਾ ਨਤੀਜਾ ਐਲਾਨ ਦਿੱਤਾ ਗਿਆ ਹੈ। ਇਸ ਸਾਲ ਅੱਠਵੀਂ ਸ਼੍ਰੇਣੀ ਦੀ ਪ੍ਰੀਖਿਆ ਵਿੱਚ ਕੁੱਲ 10422 ਸਕੂਲਾਂ ਦੇ 262966 (ਦੋ ਲੱਖ ਬਾਹਠ ਹਜ਼ਾਰ ਨੌ ਸੌ ਛਿਆਹਠ) ਪ੍ਰੀਖਿਆਰਥੀ ਪ੍ਰੀਖਿਆ ਵਿੱਚ ਅਪੀਅਰ ਹੋਏ, ਜਿਨ੍ਹਾਂ ਵਿੱਚੋਂ 253789 (ਦੋ ਲੱਖ ਤਰਵੰਜਾ ਹਜ਼ਾਰ ਸੱਤ ਸੌ ਉਣਾਨਵੇ) ਪਾਸ ਹੋਏ ਅਤੇ ਨਤੀਜੇ ਦੀ ਪਾਸ ਪ੍ਰਤੀਸ਼ਤਤਾ 96.51 ਰਹੀ। ਪਹਿਲੇ ਤਿੰਨ ਸਥਾਨਾਂ ਉੱਤੇ ਲੜਕੀਆਂ ਨੇ ਬਾਜ਼ੀ ਮਾਰੀ ਹੈ। ਤਮੰਨਾ ਪੁੱਤਰੀ ਨਰਿੰਦਰ ਕੁਮਾਰ (ਰੋਲ ਨੰ. 8026236105) ਸਰਸਵਤੀ ਸੀਨੀਅਰ ਸੈਕੰਡਰੀ ਸਕੂਲ, ਜੈਤੋਂ (ਫਰੀਦਕੋਟ) ਨੇ 600 ਵਿੱਚੋਂ 600 ਭਾਵ 100 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਿਲ ਕੀਤਾ



ਹੈ। ਜਪਨੀਤ ਕੌਰ ਪੁੱਤਰੀ ਕੁਲਦੀਪ ਸਿੰਘ (ਰੋਲ ਨੰ. 8026921281) ਸਰਕਾਰੀ ਮਿਡਲ ਸਕੂਲ, ਅੜਕਵਾਸ (ਸੰਗਰੂਰ) ਨੇ 600 ਵਿੱਚੋਂ 598 ਕੁੱਲ 99.67 ਪ੍ਰਤੀਸ਼ਤ ਅੰਕ ਪ੍ਰਾਪਤ ਦੂਜਾ ਅਤੇ ਜਸ਼ਨਦੀਪ ਕੌਰ ਪੁੱਤਰੀ ਹਰਪ੍ਰੀਤ ਸਿੰਘ (ਰੋਲ ਨੰ. 8026238728) ਸੰਤ ਮੋਹਨ ਦਾਸ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ, ਕੋਟ ਸੁਖੀਆ (ਫਰੀਦਕੋਟ) ਨੇ 600 ਵਿੱਚੋਂ 598 ਕੁੱਲ 99.67 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ ਹੈ।

# ਦੁਬਈ ਤੋਂ ਪੰਜਾਬ ਲਿਆਂਦਾ ਗਿਆ ਅੰਮ੍ਰਿਤਪਾਲ ਮਹਿਰੋਂ

**ਚੰਡੀਗੜ੍ਹ:** ਲੁਧਿਆਣਾ ਸਥਿਤ ਸੋਸ਼ਲ ਮੀਡੀਆ ਪ੍ਰਭਾਵਕ ਕੰਚਨ ਕੁਮਾਰੀ ਉਰਫ਼ ਕਮਲ ਭਾਬੀ ਦੇ ਕਤਲ ਕੇਸ ਦੇ ਮੁੱਖ ਦੋਸ਼ੀ ਅੰਮ੍ਰਿਤਪਾਲ ਸਿੰਘ ਮਹਿਰੋਂ ਨੂੰ ਸੰਯੁਕਤ ਅਰਬ ਅਮੀਰਾਤ (ਯੂਏਈ) ਤੋਂ ਪੰਜਾਬ ਲਿਆਂਦਾ ਗਿਆ ਹੈ। ਉਸ ਨੂੰ ਪੰਜਾਬ ਪੁਲਿਸ ਦੇ ਕਾਊਂਟਰ ਇੰਟੈਲੀਸ ਵਿੰਗ ਦੇ ਢਠਓਛ ਸੈੱਲ ਰਾਹੀਂ ਗ੍ਰਿਫ਼ਤਾਰ ਕੀਤਾ ਗਿਆ ਹੈ। ਬਠਿੰਡਾ ਪੁਲਿਸ ਦੀ ਇੱਕ ਟੀਮ ਮੁਲਜ਼ਮ ਨੂੰ ਯੂਏਈ ਅਧਿਕਾਰੀਆਂ ਤੋਂ ਹਿਰਾਸਤ ਵਿੱਚ ਲੈਣ ਤੋਂ ਬਾਅਦ ਭਾਰਤ ਲੈ ਆਈ। ਮਹਿਰੋਂ ਨੂੰ ਇਸ ਸਾਲ ਜਨਵਰੀ ਵਿੱਚ ਵੀਜ਼ਾ ਨਾਲ ਸਬੰਧਤ ਮਾਮਲੇ ਵਿੱਚ ਪੁੱਛਗਿੱਛ ਦੌਰਾਨ ਸ਼ਾਰਜਾਹ ਪੁਲਿਸ ਨੇ ਹਿਰਾਸਤ ਵਿੱਚ ਲਿਆ ਸੀ। ਦੇਸ਼ ਨਿਕਾਲੇ ਦੀ ਪ੍ਰਕਿਰਿਆ ਨੂੰ ਪੂਰਾ ਹੋਣ ਵਿੱਚ ਕੁਝ ਸਮਾਂ ਲੱਗਿਆ।




ਦੱਸ ਦੇਈਏ ਕਿ ਬਠਿੰਡਾ ਦੇ ਆਦੇਸ਼ ਹਸਪਤਾਲ ਦੀ ਪਾਰਕਿੰਗ ਵਿਚ 11 ਜੂਨ 2025 ਨੂੰ ਕਮਲ ਭਾਬੀ ਦੀ ਮਿਲੀ ਲਾਸ਼ ਮਿਲੀ ਸੀ ਅਤੇ ਪੋਸਟਮਾਰਟਮ ਵਿਚ ਗਲਾ ਘੁੱਟ ਕੇ ਕਤਲ ਕੀਤੇ ਜਾਣ ਦੀ ਪੁਸ਼ਟੀ ਹੋਈ ਸੀ। ਮਹਿਰੋਂ ਦੇ ਤਿੰਨ ਸਾਥੀ ਜਸਪ੍ਰੀਤ ਸਿੰਘ, ਨਿਮਰਤਜੀਤ ਸਿੰਘ ਅਤੇ ਰਣਜੀਤ ਸਿੰਘ ਵੀ ਹੱਤਿਆ ਵਿਚ ਸ਼ਾਮਿਲ ਸਨ, ਜੋ ਪਹਿਲਾਂ ਗ੍ਰਿਫਤਾਰ ਹੋ ਚੁੱਕੇ ਹਨ। ਹੱਤਿਆ ਮਗਰੋਂ ਮਹਿਰੋਂ ਦੁਬਈ ਫ਼ਰਾਰ ਹੋ ਗਿਆ ਸੀ ਅਤੇ ਲੰਬੇ ਸਮੇਂ ਤੋਂ ਉਥੇ ਹੀ ਰਹਿ ਰਿਹਾ ਸੀ। 7 ਫਰਵਰੀ ਨੂੰ ਬਠਿੰਡਾ ਕੋਰਟ ਵਲੋਂ ਉਸ ਨੂੰ ਭਗੌੜਾ ਐਲਾਨ ਦਿੱਤਾ ਗਿਆ ਸੀ ਤੇ ਕੋਰਟ ਦੇ ਫੈਸਲੇ ਤੋਂ ਬਾਅਦ ਪੰਜਾਬ ਪੁਲਿਸ ਨੇ ਇੰਟਰਪੋਲ ਦੇ ਰਾਹੀਂ ਰੈਡ ਕਾਰਨਰ ਨੋਟਿਸ ਜਾਰੀ ਕਰਵਾਇਆ ਸੀ।

## ਪੰਜਾਬ ਪੁਲਿਸ ਨੇ ਅੱਤਵਾਦੀ ਮਾਡਿਊਲ ਦਾ ਕੀਤਾ ਪਰਦਾਫਾਸ਼, ਆਈ.ਐਸ.ਆਈ. ਨਾਲ ਜੁੜੇ 11 ਮੁਲਜ਼ਮ ਕੀਤੇ ਕਾਬੂ

### ਕਾਬੂ ਕੀਤੇ ਮੁਲਜ਼ਮਾਂ ’ਚ ਜ਼ਿਆਦਾਤਰ ਵਿਅਕਤੀ ਪੰਜਾਬ ਨਾਲ ਹਨ ਸਬੰਧਤ





**ਨਵੀਂ ਦਿੱਲੀ :** ਪੰਜਾਬ ਪੁਲਿਸ ਨੇ ਵੱਡੇ ਅੱਤਵਾਦੀ ਮਾਡਿਊਲ ਦਾ ਪਰਦਾਫਾਸ਼ ਕਰਦਿਆਂ ਆਈ.ਐਸ.ਆਈ. ਨਾਲ ਜੁੜੇ 11 ਵਿਅਕਤੀਆਂ ਨੂੰ ਕਾਬੂ ਕੀਤਾ ਹੈ । ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਫੜੇ ਗਏ ਮੁਲਜ਼ਮਾਂ ਵਿਚੋਂ ਜ਼ਿਆਦਾਤਰ ਲੋਕ ਪੰਜਾਬ ਨਾਲ ਸਬੰਧਤ ਦੱਸੇ ਜਾ ਰਹੇ ਹਨ । ਇਹ ਪੰਜਾਬ ਤੇ ਹਰਿਆਣਾ ਵਿਚ ਖੁਫੀ ਕੈਮਰੇ ਲਗਾ ਰਹੇ ਸਨ। ਇਨ੍ਹਾਂ ਕੈਮਰਿਆਂ ਰਾਹੀਂ ਇਕੱਠੀ ਹੋਣ ਵਾਲੀ ਸਾਰੀ ਜਾਣਕਾਰੀ ਇਨ੍ਹਾਂ ਵੱਲੋਂ ਪਾਕਿ-ਸਤਾਨ ਨੂੰ ਭੇਜੀ ਜਾਣੀ ਸੀ। ਇਹ ਮੁਲਜ਼ਮ ਕਿਸੇ ਵੱਡੇ ਹਮਲੇ ਦੀ ਫਿਰਾਕ ਵਿਚ ਸਨ। ਸੂਤਰਾਂ ਦੇ ਹਵਾਲੇ ਤੋਂ ਇਹ ਜਾਣਕਾਰੀ ਸਾਹ-ਮਣੇ ਆਈ ਹੈ।

## ਯਮੁਨਾ ਨਦੀ ’ਚ ਇੱਕ ਸਟੀਮਰ ਪਲਟਣ ਕਾਰਨ ਜਗਰਾਉਂ ਦੇ 10 ਵਿਅਕਤੀਆਂ ਦੀ ਹੋਈ ਮੌਤ

**ਮਥੁਰਾ :** ਲੁਧਿਆਣਾ ਜ਼ਿਲ੍ਹੇ ਜਗਰਾਉਂ ਸ਼ਹਿਰ ਅੰਦਰ ਅੱਜ ਉਸ ਵੇਲੇ ਸੋਗ ਛਾ ਗਿਆ ਜਦੋਂ ਸ਼ਹਿਰ ਤੋਂ ਮਥੁਰਾ ਦੇ ਵਰਿੰਦਾਵਨ ਲਈ ਗਏ ਸ਼ਰਧਾਲੂਆਂ ਨਾਲ ਕਿਸ਼ਤੀ ਪਲਟਣ ਕਾਰਨ ਵੱਡਾ ਹਾਦਸਾ ਵਾਪਰ ਗਿਆ। ਇਸ ਹਾਦਸੇ ਵਿਚ ਖ਼ਬਰ ਲਿਖੇ ਜਾਣ ਤੱਕ 10 ਵਿਅਕਤੀਆਂ ਦੀ ਮੌਤ ਹੋ ਜਾਣ ਸਬੰਧੀ ਜਾਣਕਾਰੀ ਪ੍ਰਾਪਤ ਹੋਈ ਹੈ ਜਦਕਿ ਸਟੀਮਰ ਵਿਚ ਲਗਭਗ 25 ਸ਼ਰਧਾਲੂ ਸਵਾਰ ਦੱਸੇ ਜਾ ਰਹੇ ਸਨ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਜਗਰਾਉਂ ਤੋਂ ਦੋ ਬੱਸਾਂ ਰਾਹੀਂ ਵੱਡੀ ਗਿਣਤੀ ਸ਼ਰਧਾਲੂ ਯਮੁਨਾ ਜੀ ਤੇ ਵਰਿੰਦਾਵਨ ਦੇ ਚਾਰ ਰੋਜ਼ਾ ਧਾਰਮਿਕ ਯਾਤਰਾ ਲਈ ਰਵਾਨਾ ਹੋਏ ਸਨ। ਅੱਜ ਸਵੇਰੇ ਵਰਿੰਦਾਵਨ ਪਹੁੰਚਣ ਤੋਂ ਬਾਅਦ ਸ਼੍ਰੀ ਬਾਂਕੇ ਬਿਹਾਰੀ ਜੀ ਦੇ ਦਰਸ਼ਨਾਂ ਉਪਰੰਤ ਸ਼ਰਧਾਲੂ ਯਮੁਨਾ ਜੀ ਪਾਰ ਪਵਿੱਤਰ ਮੰਦਰਾਂ ਦੇ ਦਰਸ਼ਨਾਂ ਲਈ ਜਾ ਰਹੇ ਸਨ ਕਿ ਅਚਾਨਕ ਹਾਦਸਾ ਵਾਪਰ ਗਿਆ । ਸਟੀਮਰ ਵਿਚ ਜਗਰਾਉਂ ਦੇ ਲਗਭਗ 25 ਸ਼ਰਧਾਲੂ ਸਵਾਰ ਸਨ। ਕਿਸ਼ਤੀ



ਦੇ ਰਵਾਨਾ ਹੋਣ ਤੋਂ ਕੁਝ ਸਮੇਂ ਬਾਅਦ ਕਿਸ਼ਤੀ ਦਾ ਸੰਤੁਲਨ ਵਿਗੜਨ ਕਾਰਨ ਪਲਟ ਗਈ। ਘਟਨਾ ਤੋਂ ਬਾਅਦ ਉੱਥੋਂ ਦੇ ਪ੍ਰਸ਼ਾਸਨ ਵਲੋਂ ਗੁਆਚੇ ਲੋਕਾਂ ਨੂੰ ਲੱਭਣ ਲਈ 100 ਗੋਤਾਖੋਰ ਸਰਗਰਮ ਕੀਤੇ ਹੋਏ ਹਨ, ਜੋ ਸ਼ਰਧਾਲੂਆਂ ਨੂੰ ਬਚਾਉਣ ਵਿਚ ਜੁਟ ਗਏ ਹਨ। ਇਹ ਵੀ ਪਤਾ ਲੱਗਿਆ ਹੈ ਕਿ ਕਈ ਸ਼ਰਧਾਲੂਆਂ ਨੂੰ ਯਮੁਨਾ ਜੀ ਵਿਚੋਂ ਬਾਹਰ ਵੀ ਕੱਢ ਲਿਆ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਹਾਦਸਾਗ੍ਰਸਤ ਲੋਕ ਬੇਹੋਸ਼ੀ ਦੀ ਹਾਲਤ ਵਿਚ ਹਨ। ਇਸ ਹਾਦਸੇ ਨੂੰ ਲੈ ਕੇ ਜਗਰਾਉਂ ਵਿਚ ਸ਼ਰਧਾਲੂਆਂ ਦੇ ਪਰਿਵਾਰਾਂ ਤੋਂ ਇਲਾਵਾ ਇਲਾਕੇ ਵਿਚ ਫਿਕਰਮੰਦੀ ਦਾ ਆਲਮ ਹੈ। ਇਸ ਹਾਦਸੇ ’ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਉਨ੍ਹਾਂ ਹਾਦਸੇ ਦੌਰਾਨ ਜਾਨ ਗਵਾਉਣ ਵਾਲਿਆਂ ਦੇ ਪਰਿਵਾਰਾਂ ਨਾਲ ਡੂੰਘੀ ਹਮਦਰਦੀ ਪ੍ਰਗਟਾਈ ਅਤੇ ਜ਼ਖ਼ਮੀਆਂ ਦੇ ਜਲਦ ਤੰਦਰੁਸਤ ਹੋਣ ਦੀ ਕਾਮਨਾ ਕੀਤੀ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਮਜ਼ਦੂਰਾਂ 'ਤੇ ਪਲਟਿਆ ਬਜਰੀ ਨਾਲ ਭਰਿਆ ਟਰੱਕ, ਤਿੰਨ ਦੀ ਮੌਤ






**ਨਵੀਂ ਦਿਲੀ।** ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਵਿੱਚ, ਬੱਜਰੀ ਨਾਲ ਭਰਿਆ ਇੱਕ ਟਰੱਕ ਸੜਕ ਕਿਨਾਰੇ ਇੱਕ ਟੀਨ ਸ਼ੈੱਡ ਹੇਠਾਂ ਸੌਂ ਰਹੇ ਪੰਜ ਮਜ਼ਦੂਰਾਂ ਉੱਤੇ ਪਲਟ ਗਿਆ। ਹਾਦਸੇ ਵਿਚ ਤਿੰਨ ਮਜ਼ਦੂਰਾਂ ਦੀ ਕੁਚਲ ਕੇ ਮੌਤ ਹੋ ਗਈ। ਫਸੇ ਮਜ਼ਦੂਰਾਂ ਦੀਆਂ ਚੀਕਾਂ ਸੁਣ ਕੇ, ਉਨ੍ਹਾਂ ਦੇ ਸਾਥੀ ਮੌਕੇ 'ਤੇ ਪਹੁੰਚੇ ਅਤੇ ਪੁਲਿਸ ਨੂੰ ਸੂਚਿਤ ਕੀਤਾ। ਸੂਚਨਾ ਮਿਲਦੇ ਹੀ ਪੁਲਿਸ ਅਤੇ ਪ੍ਰਸ਼ਾਸਨ ਦੀਆਂ ਟੀਮਾਂ ਮੌਕੇ 'ਤੇ ਪਹੁੰਚੀਆਂ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤਾ। ਲਗਭਗ ਦੋ ਘੰਟਿਆਂ ਦੀ ਸਖ਼ਤ ਮਿਹਨਤ ਤੋਂ ਬਾਅਦ, ਸਾਰੇ ਪੰਜ ਮਜ਼ਦੂਰਾਂ ਨੂੰ ਬੱਜਰੀ ਹੇਠੋਂ ਬਾਹਰ ਕੱਢਿਆ ਗਿਆ। ਜ਼ਖ਼ਮੀਆਂ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਵਿੱਚੋਂ ਤਿੰਨ ਨੂੰ ਮ੍ਰਿਤਕ ਐਲਾਨ ਦਿੱਤਾ, ਜਦੋਂ ਕਿ ਦੋ ਹੋਰਾਂ ਨੂੰ ਦਾਖ਼ਲ ਕਰਵਾਇਆ ਗਿਆ। ਮਜ਼ਦੂਰ ਪੁਲ ਦੀ ਉਸਾਰੀ ਵਿੱਚ ਲੱਗੇ ਹੋਏ ਸਨ। ਇਹ ਹਾਦਸਾ ਵੀਰਵਾਰ ਰਾਤ ਲਗਭਗ 3 ਵਜੇ ਨਾਗਲ ਥਾਣਾ ਖੇਤਰ ਵਿੱਚ ਵਾਪਰਿਆ।

ਪੱਤਰਕਾਰਾਂ ਦੀ ਲੋੜ
ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : **Devinder Chander**
**Mob: 07878 456 484**
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਜਸਟਿਸ ਯਸ਼ਵੰਤ ਵਰਮਾ ਵੱਲੋਂ ਅਸਤੀਫ਼ਾ, ਸੰਸਦ ਵੱਲੋਂ ਹਟਾਏ ਜਾਣ ਦੀ ਕਾਰਵਾਈ ਤੋਂ ਬਚੇ

**ਨਵੀਂ ਦਿੱਲੀ**

ਦਿੱਲੀ ਵਿੱਚ ਸਰਕਾਰੀ ਰਿਹਾਇਸ਼ ਤੋਂ ਬਿਨਾਂ ਹਿਸਾਬ-ਕਿਤਾਬ ਵਾਲੀ ਨਕਦੀ ਦੀ ਬਰਾਮਦਗੀ ਕਾਰਨ ਪੈਦਾ ਹੋਏ ਸਿਆਸੀ ਤੂਫ਼ਾਨ ਅਤੇ ਨਿਆਂਇਕ ਜਵਾਬਦੇਹੀ 'ਤੇ ਉੱਠੇ ਸਵਾਲਾਂ ਦੇ ਇੱਕ ਸਾਲ ਤੋਂ ਵੱਧ ਸਮੇਂ ਬਾਅਦ ਇਲਾਹ-ਾਬਾਦ ਹਾਈ ਕੋਰਟ ਦੇ ਜਸਟਿਸ ਯਸ਼ਵੰਤ ਵਰਮਾ ਨੇ ਅੱਜ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਆਪਣਾ ਅਸਤੀਫ਼ਾ ਸੌਂਪ ਦਿੱਤਾ ਹੈ। ਅਜਿਹਾ ਕਰਕੇ, ਵਰਮਾ ਉਨ੍ਹਾਂ ਨੂੰ ਅਹੁਦੇ ਤੋਂ ਹਟਾਉਣ ਲਈ ਸੰਸਦ ਵਿੱਚ ਹੋਣ ਵਾਲੀ ਸੰਭਾਵੀ ਕਾਰਵਾਈ ਤੋਂ ਬਚ ਗਏ ਹਨ। ਲੋਕ ਸਭਾ ਸਪੀਕਰ ਓਮ ਬਿਰਲਾ ਨੇ ਪਹਿਲਾਂ ਜਸਟਿਸ ਵਰਮਾ ਨੂੰ ਹਾਈ ਕੋਰਟ ਦੇ ਜੱਜ ਵਜੋਂ ਹਟਾਉਣ ਦੇ ਪ੍ਰਸਤਾਵ ਨੂੰ ਪ੍ਰਵਾਨਗੀ ਦਿੱਤੀ ਸੀ ਅਤੇ ਉਨ੍ਹਾਂ ਵਿਰੁੱਧ ਲੱਗੇ ਦੋਸ਼ਾਂ ਦੀ ਜਾਂਚ ਲਈ 'ਜੱਜ ਇਨਕੁਆਇਰੀ ਐਕਟ 1968' ਤਹਿਤ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਸੀ। ਜਸਟਿਸ ਵਰਮਾ ਨੇ ਸਪੀਕਰ ਦੇ ਇਸ ਕਦਮ ਨੂੰ ਚੁਣੌਤੀ ਦੇਣ ਲਈ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਸੀ, ਪਰ ਸੁਪਰੀਮ ਕੋਰਟ ਨੇ ਉਨ੍ਹਾਂ ਦੀ ਪਟੀਸ਼ਨ ਨੂੰ ਰੱਦ ਕਰ ਦਿੱਤਾ ਅਤੇ ਉਨ੍ਹਾਂ ਵਿਰੁੱਧ ਸੰਸਦੀ ਕਾਰਵਾਈ ਜਾਰੀ ਰੱਖਣ ਦੀ ਇਜਾਜ਼ਤ ਦਿੱਤੀ ਸੀ। ਸਾਰੇ ਮੌਕੇ ਖ਼ਤਮ ਹੋਣ ਤੋਂ ਬਾਅਦ ਜਸਟਿਸ ਵਰਮਾ ਨੇ ਅੱਜ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। 22 ਮਾਰਚ, 2025 ਨੂੰ ਤਤਕਾਲੀ ਚੀਫ਼ ਜਸਟਿਸ ਸੰਜੀਵ ਖੰਨਾ ਨੇ 14 ਮਾਰਚ, 2025 ਨੂੰ ਯਸ਼ਵੰਤ ਵਰਮਾ ਦੀ ਦਿੱਲੀ ਰਿਹਾਇਸ਼ 'ਤੇ ਬਿਨਾਂ ਹਿਸਾਬ-ਕਿਤਾਬ ਵਾਲੀ ਕਰੰਸੀ ਮਿਲਣ ਦੀ ਜਾਂਚ ਲਈ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਸੀ, ਜਦੋਂ ਉਹ ਦਿੱਲੀ ਹਾਈ ਕੋਰਟ ਦੇ ਜੱਜ ਸਨ। ਜਾਂਚ ਤੋਂ ਬਾਅਦ ਜਸਟਿਸ ਵਰਮਾ ਦਾ ਤਬਾਦਲਾ ਇਲਾਹਾਬਾਦ ਹਾਈ ਕੋਰਟ ਕਰ ਦਿੱਤਾ ਗਿਆ ਸੀ।



## ਕਾਂਗੜਾ ਦੇ ਦੇਹਰਾ-ਢਲਿਆਰਾ ਨੇੜੇ ਸ਼ਰਧਾਲੂਆਂ ਨਾਲ ਭਰੀ ਟਰੈਕਟਰ-ਟਰਾਲੀ ਖੱਡ 'ਚ ਡਿੱਗੀ



**ਕਾਂਗੜਾ :** ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਵਿਚ ਪੰਜਾਬ ਤੋਂ ਆ ਰਹੇ ਸ਼ਰਧਾਲੂਆਂ ਨਾਲ ਭਰੀ ਇਕ ਟਰੈਕਟਰ-ਟਰਾਲੀ 100 ਫੁੱਟ ਡੂੰਘੀ ਖੱਡ ਵਿਚ ਪਲਟ ਗਈ । ਇਸ ਹਾਦਸੇ ਵਿਚ ਤਿੰਨ ਸ਼ਰਧਾਲੂਆਂ ਦੀ ਮੌਤ ਹੋ ਗਈ ਜਦਕਿ ਛੋਟੇ ਬੱਚਿਆਂ ਸਮੇਤ 20 ਸ਼ਰਧਾਲੂ ਜ਼ਖਮੀ ਹੋਣ ਦੀ ਖ਼ਬਰ ਹੈ । ਜ਼ਖਮੀਆਂ ਦਾ ਇਸ ਸਮੇਂ ਡੇਹਰਾ ਹਸਪਤਾਲ ਵਿਚ ਇਲਾਜ ਚੱਲ ਰਿਹਾ ਹੈ।

ਇਹ ਹਾਦਸਾ ਰਾਸ਼ਟਰੀ ਰਾਜਮਾਰਗ-503 'ਤੇ ਧਲਿਆਰਾ ਦੇ ਰਾਧਾ ਸਵਾਮੀ ਸਤਿਸੰਗ ਘਰ ਨੇੜੇ ਵਾਪਰਿਆ। ਵਾਹਨ ਵਿਚ 30 ਸ਼ਰਧਾਲੂ ਸਵਾਰ ਸਨ ਜੋ ਕਪੂਰਥਲਾ, ਪੰਜਾਬ ਤੋਂ ਯਾਤਰਾ ਕਰ ਰਹੇ ਸਨ। ਧਲਿਆਰਾ ਮੋੜ 'ਤੇ ਕੰਟਰੋਲ ਤੋਂ ਬਾਹਰ ਹੋਣ ਤੋਂ ਬਾਅਦ, ਟਰੈਕਟਰ-ਟਰਾਲੀ ਸੜਕ ਤੋਂ ਪਲਟ ਗਈ ਅਤੇ ਖੱਡ ਵਿਚ ਡਿੱਗ ਗਈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਹਾਦਸਾ ਬ੍ਰੇਕ ਫੇਲ੍ਹ ਹੋਣ ਕਾਰਨ ਵਾਪਰਿਆ । ਪੰਜਾਬ ਤੋਂ ਆਏ ਸ਼ਰਧਾਲੂ ਜੋ ਟਰੈਕਟਰ-ਟਰਾਲੀ ਵਿਚ ਸਵਾਰ ਸਨ, ਚਿੰਤਪੂਰਨੀ ਮੰਦਰ ਵਿਚ ਮੱਥਾ ਟੇਕਣ ਤੋਂ ਬਾਅਦ ਜਵਾਲਾਜੀ ਮੰਦਰ ਦੇ ਦਰਸ਼ਨ ਕਰਨ ਜਾ ਰਹੇ ਸਨ। ਹਾਲਾਂਕਿ, ਉਨ੍ਹਾਂ ਨੂੰ ਆਪਣੀ ਮੰਜ਼ਿਲ 'ਤੇ ਪਹੁੰਚਣ ਤੋਂ ਪਹਿਲਾਂ ਹੀ ਇਸ ਦੁਖਦਾਈ ਹਾਦਸੇ ਦਾ ਸਾਹਮਣਾ ਕਰਨਾ ਪਿਆ।

## ਸਰਾਫਾ ਬਾਜ਼ਾਰ 'ਚ ਨਰਮੀ: ਲਗਾਤਾਰ ਦੂਜੇ ਦਿਨ ਘਟੀਆਂ ਸੋਨੇ-ਚਾਂਦੀ ਦੀਆਂ ਕੀਮਤਾਂ, ਗਾਹਕਾਂ ਨੂੰ ਮਿਲੀ ਰਾਹਤ



**ਨਵੀਂ ਦਿ.ਲੀ।** ਦੇਸ਼ ਭਰ ਦੇ ਸਰਾਫਾ ਬਾਜ਼ਾਰ ਵਿੱਚ ਲਗਾਤਾਰ ਦੂਜੇ ਦਿਨ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਗਿਰਾਵਟ ਦਰਜ ਕੀਤੀ ਗਈ ਹੈ। ਪਿਛਲੇ ਕਾਫ਼ੀ ਸਮੇਂ ਤੋਂ ਅਸਮਾਨੀ ਚੜ੍ਹ ਰਹੀਆਂ ਕੀਮਤਾਂ ਵਿੱਚ ਹੁਣ ਨਰਮੀ ਦਾ ਰੁਖ਼ ਦੇਖਣ ਨੂੰ ਮਿਲ ਰਿਹਾ ਹੈ। ਵਿਸ਼ਵ ਪੱਧਰੀ ਹਾਲਾਤ ਅਤੇ ਨਿਵੇਸ਼ਕਾਂ ਵੱਲੋਂ ਕੀਤੀ ਜਾ ਰਹੀ ਮੁਨਾਫਾਖੋਰੀ ਕਾਰਨ ਕੀਮਤੀ ਧਾਤਾਂ ਦੇ ਭਾਅ ਹੇਠਾਂ ਆਏ ਹਨ, ਜੋ ਖ਼ਰੀਦਦਾਰਾਂ ਲਈ ਰਾਹਤ ਦੀ ਖ਼ਬਰ ਹੈ।

**ਦਿੱਲੀ ਵਿੱਚ ਸੋਨੇ ਦੇ ਤਾਜ਼ਾ ਭਾਅ**

ਰਾਜਧਾਨੀ ਦਿੱਲੀ ਵਿੱਚ 24 ਕੈਰੇਟ ਸੋਨੇ ਦਾ ਭਾਅ ਘਟ ਕੇ ਲਗਭਗ ₹1,51,620 ਪ੍ਰਤੀ 10 ਗ੍ਰਾਮ 'ਤੇ ਆ ਗਿਆ ਹੈ। ਉੱਥੇ ਹੀ 22 ਕੈਰੇਟ ਸੋਨਾ ₹1,38,990 ਪ੍ਰਤੀ 10 ਗ੍ਰਾਮ ਦੇ ਆਸ-ਪਾਸ ਵਿਕ ਰਿਹਾ ਹੈ। ਦੱਸਣਯੋਗ ਹੈ ਕਿ ਇੱਕ ਦਿਨ ਪਹਿਲਾਂ ਵੀ ਸੋਨੇ ਦੀ ਕੀਮਤ ਵਿੱਚ ₹1,500 ਦੀ ਵੱਡੀ ਗਿਰ-ਾਵਟ ਦਰਜ ਕੀਤੀ ਗਈ ਸੀ।

ਮੁੰਬਈ ਅਤੇ ਕੋਲਕਾਤਾ: 24 ਕੈਰੇਟ ਸੋਨੇ ਦੀ ਕੀਮਤ ₹1,51,470 ਅਤੇ 22 ਕੈਰੇਟ ਦੀ ਕੀਮਤ ₹1,38,840 ਪ੍ਰਤੀ 10 ਗ੍ਰਾਮ ਦਰਜ ਕੀਤੀ ਗਈ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਬਾਬਾ ਸਾਹਿਬ ਦੇ 135ਵੇਂ ਜਨਮ ਉਤਸਵ ਸਮਾਗਮ ਦੀਆਂ ਤਿਆਰੀਆਂ ਜੋਰਾਂ ਸ਼ੋਰਾਂ 'ਚ

## ਪ੍ਰੋਫੈਸਰ ਅਨਵਰ ਪਾਸ਼ਾ ਮੁਖ ਮਹਿਮਾਨ ਅਤੇ ਕਾਮਰੇਡ ਮੰਗਤ ਰਾਮ ਪਾਸਲਾ ਹੋਣਗੇ ਮੁੱਖ ਬੁਲਾਰੇ

**ਜਲੰਧਰ (ਸਮਾਜ ਵੀਕਲੀ)**: ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈਸ ਬਿਆਨ ਜਾਰੀ ਕਰਕੇ ਕਿਹਾ ਕਿ ਅੰਬੇਡਕਰ ਮਿਸ਼ਨ ਸੁਸਾਇਟੀ ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਸੁਸਾਇਟੀ ਦੇ ਪ੍ਰਧਾਨ ਪ੍ਰੋ. ਬਲਬੀਰ ਜੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸੁਸਾਇਟੀ ਵੱਲੋਂ ਇਤਿਹ-ਾਸਿਕ ਸਥਾਨ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ ਧੂਮ ਧਾਮ ਅਤੇ ਸ਼ਰਧਾ ਨਾਲ ਮਨਾਏ ਜਾਣ ਵਾਲੇ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ 135 ਵੇਂ ਜਨਮ ਉਤਸਵ ਸਮਾਗਮ ਦੀਆਂ ਤਿਆਰੀਆਂ ਦਾ ਜਾਇਜਾ ਲਿਆ ਗਿਆ। ਅੰਬੇਡਕਰ ਭਵਨ ਵਿਖੇ ਮਨਾਏ ਜਾਣ ਵਾਲੇ ਸਮਾਗਮ ਵਿੱਚ ਹਰ ਵਾਰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਵਿਦ-ਵਾਨ ਅੰਬੇਡਕਰ ਮਿਸ਼ਨ ਤੇ ਆਪਣੇ ਵਿਚਾਰ ਪੇਸ਼ ਕਰਨ ਲਈ ਲੋਕਾਂ ਦੇ ਰੂਬਰੂ ਕਰਵਾਏ ਜਾਂਦੇ ਹਨ। ਇਸ ਵਾਰ ਪ੍ਰੋਫੈਸਰ ਅਨਵਰ ਪਾਸ਼ਾ, ਸਾਬਕਾ ਚੇਅਰਪਰਸਨ, ਭਾਰਤੀ ਭਾਸ਼ਾਵਾਂ ਕੇਂਦਰ, ਜੇਐਨਯੂ ਨਵੀਂ ਦਿੱਲੀ, ਮੁੱਖ ਮਹਿਮਾਨ ਵਜੋਂ ਪਧਾਰ ਰਹੇ ਹਨ ਅਤੇ ਕਾਮਰੇਡ ਮੰਗਤ ਰਾਮ ਪਾਸਲਾ ਪ੍ਰਸਿੱਧ ਸਮਾਜਿਕ ਚਿੰਤਕ ਅਤੇ ਮਜ਼ਦੂਰ ਨੇਤਾ ਮੁੱਖ ਬੁਲਾਰੇ ਵਜੋਂ ਸਮਾਗਮ ਵਿੱਚ ਸ਼ਾਮਿਲ ਹੋ ਰਹੇ ਹਨ। ਹੋਰ ਬੁੱਧੀਜੀਵੀਆਂ ਤੋਂ ਇਲਾਵਾ ਅੰਬੇਡਕਰ ਭਵਨ ਟਰੱਸਟ (ਰਜਿ.) ਦੇ ਚੇਅਰਮੈਨ ਡਾ. ਰਾਹੁਲ ਜੱਸੀ ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਇਕਾਈ ਦੇ ਜਨਰਲ ਸਕੱਤਰ ਸਨੀ ਥਾਪਰ ਅੰਬੇਡਕਰ ਮਿਸ਼ਨ ਤੇ ਆਪਣੇ ਵਿਚਾਰ ਪੇਸ਼ ਕਰਨਗੇ। ਮਿਸ਼ਨਰੀ ਕਲਾਕਾਰ ਵਿੱਕੀ ਬਹਾ-ਦਰਕੇ ਅਤੇ ਪਾਰਟੀ ਲੁਧਿਆਣਾ ਵੀ ਆਪਣੇ ਗੀਤ ਸੰਗੀਤ ਰਾਹੀਂ ਬਾਬਾ ਸਾਹਿਬ ਦੇ ਮਿਸ਼ਨ ਤੇ ਚਾਨਣਾ ਪਾਉਣਗੇ। ਬਲਦੇਵ ਭਾਰਦਵਾਜ ਨੇ ਕਿਹਾ ਕਿ ਅੰਬੇਡਕਰ ਭਵਨ ਇੱਕ ਇਤਿਹਾਸਿਕ ਸਥਾਨ ਹੈ ਜਿੱਥੇ 27 ਅਕਤੂਬਰ 1951 ਨੂੰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਆਏ ਸਨ ਅਤੇ ਲੱਖਾਂ ਲੋਕਾਂ ਨੂੰ ਸੰਬੋਧਤ ਹੋਏ ਸਨ। ਪ੍ਰਸਿੱਧ ਅੰਬੇਡਕਰਵਾਦੀ, ਮਹਾਨ ਚਿੰਤਕ, ਨਿਡਰ ਬੁਲਾਰੇ ਅਤੇ ਭੀਮ ਪਤ੍ਰਿਕਾ ਦੇ ਸੰਪਾਦਕ ਲਾਹੌਰੀ ਰਾਮ ਬਾਲੀ ਨੇ ਆਪਣੇ ਸਾਥੀ ਕਰਮ ਚੰਦ ਬਾਠ ਦੇ ਸਹਿਯੋਗ ਨਾਲ ਇੱਕ-ਇੱਕ ਰੁਪਈਆ ਇਕੱਠਾ ਕਰਕੇ ਬਾਬਾ ਸਾਹਿਬ ਦੀ ਚਰਨ-ਛੋਹ ਪ੍ਰਾਪਤ ਇਹ ਭੂਮੀ 1963 ਵਿੱਚ ਖਰੀਦ ਕੇ ਅਤੇ ਇਸ ਦੀ ਦੇਖਭਾਲ ਕਰਨ ਲਈ 1972 ਵਿੱਚ ਅੰਬੇਡਕਰ ਭਵਨ ਟਰੱਸਟ ਦੇ ਨਾਮ ਤੇ ਇਸਦਾ ਟਰੱਸਟ ਬਣਾ ਦਿੱਤਾ। ਫਿਰ ਆਪਣੇ ਟਰੱਸਟੀ ਸਾਥੀਆਂ ਦੇ ਸਹਿਯੋਗ ਨਾਲ ਇਸ ਭੂਮੀ 'ਤੇ ਆਲੀਸ਼ਾਨ ਅੰਬੇਡਕਰ ਭਵਨ ਬਣਾ ਕੇ ਬਾਬਾ ਸਾਹਿਬ ਡਾ. ਅੰਬੇਡਕਰ ਦੀ ਧਰੋਹਰ ਕਾਇਮ ਕਰ ਦਿੱਤੀ। ਅੰਬੇਡਕਰ ਭਵਨ ਨਿਰੋਲ ਅੰਬੇਡਕਰੀ ਗਤੀਵਿਧੀਆਂ ਦਾ ਕੇਂਦਰ ਰਿਹਾ ਹੈ। ਭਾਰਦਵਾਜ ਨੇ ਕਿਹਾ ਕਿ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਪ੍ਰਧਾਨ ਪ੍ਰੋਫੈਸਰ ਬਲਬੀਰ ਨੇ ਬਾਬਾ ਸਾਹਿਬ ਦੇ ਸ਼ਰਧਾਲੂਆਂ ਨੂੰ ਬਾਬਾ ਸਾਹਿਬ ਪ੍ਰਤੀ ਸ਼ਰਧਾ ਪ੍ਰਗਟ ਕਰਨ ਲਈ ਸਮਾਗਮ ਵਿੱਚ ਜਰੂਰ ਪਹੁੰਚਣ ਦੀ ਬੇਨਤੀ ਕੀਤੀ। ਇਸ ਮੌਕੇ ਡਾ. ਜੀਸੀ ਕੌਲ, ਐਡਵੋਕੇਟ ਹਰਭਜਨ ਸਾਂਪਲਾ, ਤਿਲਕ ਰਾਜ, ਕਮਲ ਕੁਮਾਰ, ਚਰਨ ਦਾਸ ਸੰਧੂ, ਡਾ. ਮਹਿੰਦਰ ਸੰਧੂ, ਪ੍ਰਿੰਸੀਪਲ ਪਰਮਜੀਤ ਜੱਸਲ, ਡਾ. ਕੇ ਐਸ ਫੂਲ, ਪ੍ਰੋ. ਅਸ਼ਵਨੀ ਜੱਸਲ, ਪ੍ਰੋ. ਅਸ਼ਵਨੀ ਵਾਲੀਆ, ਪਿਸ਼ੌਰੀ ਲਾਲ ਸੰਧੂ ਅਤੇ ਨਿਰਮਲ ਬਿੰਜੀ ਹਾਜ਼ਰ ਸਨ।



ਪ੍ਰਧਾਨ ਪ੍ਰੋ. ਬਲਬੀਰ, ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਅਤੇ ਸੁਸਾਇਟੀ ਦੇ ਅਹੁਦੇਦਾਰ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ।

**ਬਲਦੇਵ ਰਾਜ ਭਾਰਦਵਾਜ**
**ਜਨਰਲ ਸਕੱਤਰ**
**ਅੰਬੇਡਕਰ ਮਿਸ਼ਨ ਸੁ ਸਾਇਟੀ ਪੰਜਾਬ (ਰਜਿ.)**

# ਸ਼ਿਵਮ ਵਰਮਾ ਐੱਸ. ਐੱਸ. ਈ. ਪਲਾਨਿੰਗ ਦਾ ਤਬਾਦਲਾ ਹੋਣ ਤੇ ਵਿਦਾਇਗੀ ਸਮਾਰੋਹ ਦਾ ਆਯੋਜਨ

## ਆਰ. ਸੀ. ਐੱਫ. ਮਜ਼ਦੂਰ ਯੂਨੀਅਨ ਵੱਲੋਂ ਸ਼ਿਵਮ ਵਰਮਾ ਸਨਮਾਨਿਤ

**ਕਪੂਰਥਲਾ, 10 ਅਪ੍ਰੈਲ ( ਵਿਸ਼ੇਸ ਪ੍ਰਤੀਨਿਧ )–** ਆਰ. ਸੀ. ਐੱਫ. ਮਜ਼ਦੂਰ ਯੂਨੀਅਨ ਦੇ ਮਿਹਨਤੀ ਸੁਪਰਵਾਈਜ਼ਰੀ ਕਾਡਰ ਦੇ ਸ਼੍ਰੀ ਸ਼ਿਵਮ ਵਰਮਾ/ਐੱਸ. ਐੱਸ. ਈ. ਪਲਾਨਿੰਗ ਨੂੰ ਮੁਗਲਸਰਾਏ ਤਬਦੀਲ ਕਰ ਦਿੱਤਾ ਗਿਆ ਹੈ। ਇਸ ਮੌਕੇ ਮਜ਼ਦੂਰ ਯੂਨੀਅਨ ਵੱਲੋਂ ਸ਼ਿਵਮ ਵਰਮਾ ਦੇ ਸਨਮਾਨ ਵਿੱਚ ਵਿਦਾਇਗੀ ਸਮਾਰੋਹ ਦਾ ਆਯੋਜਨ ਕੀਤਾ ਗਿਆ। ਵਰਕਸ਼ਾਪ ਦੇ ਗੇਟ 'ਤੇ ਵਰਕਰਜ਼ ਯੂਨੀਅਨ ਦੇ ਅਹੁਦੇਦਾਰਾਂ ਅਤੇ ਸੁਪਰਵਾਈਜ਼ਰੀ ਵਿੰਗ ਦੇ ਅਹੁਦੇਦਾਰਾਂ ਨੇ ਉਨ੍ਹਾਂ ਦੇ ਸਮਰਪਣ ਨੂੰ ਮਾਨਤਾ ਦਿੰਦੇ ਹੋਏ ਉਨ੍ਹਾਂ ਨੂੰ ਫੁੱਲਮਾਲਾ ਪਾ ਕੇ ਤੇ ਗੁਲਦਸਤੇ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ 'ਤੇ ਸਾਰੇ ਰੇਲਵੇ ਕਰਮਚਾਰੀਆਂ ਨੇ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਸ਼ਿਵਮ ਵਰਮਾ ਦੇ ਖੁਸ਼ਹਾਲ ਭਵਿੱਖ ਦੀ ਕਾਮਨਾ ਕੀਤੀ। ਜਨਰਲ ਸਕੱਤਰ ਰਾਮ ਰਤਨ ਸਿੰਘ ਨੇ ਸ਼ਿਵਮ ਵਰਮਾ ਦੀਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦੇ ਸਨਮਾਨ ਵਿੱਚ ਸ਼ੁਭਕਾਮਨਾਵਾਂ ਦਿੱਤੀਆਂ। ਉਹਨਾਂ ਕਿਹਾ ਕਿ ਸਿਵਮ ਵਰਮਾ ਨੇ ਹਮੇਸ਼ਾਂ ਆਰ ਸੀ ਐੱਫ ਪਰਿਵਾਰ ਨੂੰ ਆਪਣਾ ਪਰਿਵਾਰ ਸਮਝਿਆ। ਉਹਨਾਂ ਕਿਹਾ ਕਿ ਸ਼ਿਵਮ ਵਰਮਾ ਨੇ ਹਮੇਸ਼ਾ ਹੀ ਰੇਲਵੇ ਕਰਮਚਾਰੀਆਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕੀਤੀ। ਰਾਮ ਰਤਨ ਸਿੰਘ ਨੇ ਉਨ੍ਹਾਂ ਦੇ ਘਰ ਨੇੜੇ ਉਨ੍ਹਾਂ ਦੇ ਤਬਾਦਲੇ 'ਤੇ ਖੁਸ਼ੀ ਜ਼ਾਹਰ ਕੀਤੀ। ਇਸ ਮੌਕੇ ਮੌਜੂਦ ਸਾਰੇ ਰੇਲ ਕਰਮਚਾਰੀਆਂ ਦਾ ਧੰਨਵਾਦ ਕੀਤਾ।



# ਸੁਆਮੀ ਚੇਤਨਾਨੰਦ ਜੀ ਦੀ ਪ੍ਰੇਰਨਾ ਸਦਕਾ ਜਲਾਲਪੁਰ ਨਿਵਾਸੀਆਂ ਨੇ ਮਰੀਜ਼ਾਂ ਲਈ ਭੇਜੀ ਲੰਗਰ ਦੀ ਸੇਵਾ

**ਨਵਾਂਸ਼ਹਿਰ /ਕਾਠਗੜ੍ਹ 10 ਅਪ੍ਰੈਲ( ਜਤਿੰਦਰ ਪਾਲ ਸਿੰਘ ਕਲੇਰ )** ਵੇਦਾਂਤ ਅਚਾਰਿਆ ਸੁਆਮੀ ਚੇਤਨਾਨੰਦ ਜੀ ਮਹਾਰਾਜ ਭੂਰੀ ਵਾਲੇ ਦੀ ਅਪਾਰ ਬਖਸ਼ਿਸ਼ ਅਤੇ ਪ੍ਰੇਰਨਾ ਸਦਕਾ ਪਿੰਡ ਜਲਾਲਪੁਰ ਦੀ ਸੰਗਤ ਵੱਲੋਂ ਮਾਨਵਤਾ ਦੀ ਸੇਵਾ ਕਰਦਿਆਂ ਪੀ.ਜੀ.ਆਈ. ਚੰਡੀਗੜ੍ਹ ਵਿਖੇ ਮਰੀਜ਼ਾਂ ਅਤੇ ਉਨ੍ਹਾਂ ਦੇ ਵਾਰਸਾਂ ਲਈ ਲੰਗਰ ਦੀ ਸੇਵਾ ਭੇਜੀ ਗਈ। ਇਹ ਉਪਰਾਲਾ ਇਲਾਕੇ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।ਸਤਨਾਮ ਜਲਾਲਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿੰਡ ਦੀ ਸੰਗਤ ਵੱਲੋਂ ਇਹ ਲਗਾਤਾਰ 13ਵੀਂ ਵਾਰ ਲੰਗਰ ਭੇਜਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪਿੰਡ ਦੀ ਸਮੁੱਚੀ ਸੰਗਤ ਨੇ ਬੜੇ ਹੀ ਸਤਿਕਾਰ ਅਤੇ ਸ਼ਰਧਾ ਭਾਵਨਾ ਨਾਲ ਸ਼ਬਦ-ਕੀਰਤਨ ਕਰਦਿਆਂ ਇਹ ਲੰਗਰ ਤਿਆਰ ਕੀਤਾ। ਇਸ ਲੰਗਰ ਸੇਵਾ ਵਿੱਚ ਪਿੰਡ ਦੇ ਹਰ ਵਰਗ ਨੇ ਰਲ-ਮਿਲ ਕੇ ਆਪਣਾ ਯੋਗਦਾਨ ਪਾਇਆ।ਜ਼ਿਕਰਯੋਗ ਹੈ ਕਿ ਪੀ.ਜੀ.ਆਈ.



ਵਿੱਚ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿੱਚ ਮਰੀਜ਼ ਅਤੇ ਉਨ੍ਹਾਂ ਦੇ ਰਿਸ਼ਤੇਦਾਰ ਪਹੁੰਚਦੇ ਹਨ, ਜਿਨ੍ਹਾਂ ਲਈ ਇਹ ਲੰਗਰ ਕਿਸੇ ਵਰਦਾਨ ਤੋਂ ਘੱਟ ਨਹੀਂ ਹੈ। ਲੋੜਵੰਦ ਲੋਕ ਲੰਗਰ ਛਕ ਕੇ ਮਹਾਰਾਜ ਭੂਰੀ ਵਾਲਿਆਂ ਦੇ ਇਸ ਪਰ-ਉਪਕਾਰ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ।ਲੰਗਰ ਦੀ ਗੱਡੀ ਨੂੰ ਰਵਾਨਾ ਕਰਨ ਸਮੇਂ ਸਮੂਹ ਸੰਗਤ ਨੇ ਮੰਗਲਾ ਚਰਨ ਦਾ ਜਾਪ ਕੀਤਾ। ਇਸ ਮੌਕੇ ਪਿੰਡ ਦੀ ਸਰਪੰਚ ਬਿਮਲਾ ਚੇਚੀ, ਜਸਬੀਰ ਕੌਰ, ਰਿਟਾਇਰਡ ਡੀ.ਐਸ.ਪੀ. ਸ੍ਰੀ ਬਨਾਰਸੀ ਦਾਸ, ਵਿਜੇ ਕੁਮਾਰ ਨੰਬਰਦਾਰ, ਰਾਮ ਲਾਲ ਬਜਾੜ, ਨਸੀਬ ਚੰਦ, ਸੁਰਿੰਦਰ ਪਾਲ, ਭੂਸ਼ਣ ਭਾਟੀਆ, ਉਪਿੰਦਰ ਚੇਚੀ, ਬਲਵੀਰ ਦੇਦੜ, ਰਕੇਸ਼ ਚੇਚੀ, ਮਨੋਹਰ ਲਾਲ, ਵਿਜੇ ਕੁਮਾਰ ਭਾਟੀਆ, ਬਬਲੂ ਚੇਚੀ ਅਤੇ ਵੱਡੀ ਗਿਣਤੀ ਵਿੱਚ ਪਿੰਡ ਨਿਵਾਸੀ ਹਾਜ਼ਰ ਸਨ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਸ਼੍ਰੀ ਤਾਰਾ ਚੰਦ ਵਿਦਿਆ ਮੰਦਰ ਵਿੱਚ ਸਾਈਕਲ ਰੇਸ ਅਤੇ ਕ੍ਰਿਕਟ ਮੁਕਾਬਲੇ ਕਰਵਾਏ

**ਭੀਖੀ, 10 ਅਪ੍ਰੈਲ ( ਕਮਲ ਜਿੰਦਲ)** ਸਥਾਨਕ ਸ਼੍ਰੀ ਤਾਰਾ ਚੰਦ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ ਵਿੱਚ ਅੱਜ ਵਿਦਿਆਰਥੀਆਂ ਲਈ ਖੇਡ ਗਤੀਵਿਧੀਆਂ ਬੜੇ ਉਤਸ਼ਾਹ ਨਾਲ ਕਰਵਾਈਆਂ ਗਈਆਂ। ਇਸ ਮੌਕੇ ਕਲਾਸ 3 ਤੋਂ 5 ਤੱਕ ਦੇ ਵਿਦਿਆਰਥੀਆਂ ਲਈ ਸਾਈਕਲਿੰਗ ਰੇਸ ਅਤੇ ਕਲਾਸ 6 ਤੋਂ 8 ਤੱਕ ਦੇ ਵਿਦਿਆਰਥੀਆਂ ਲਈ ਕ੍ਰਿਕਟ ਮੈਚ ਕਰਵਾਏ ਗਏ।

ਜ਼ਿਕਰਯੋਗ ਹੈ ਕਿ ਕ੍ਰਿਕਟ ਟੀਮ ਦੀ ਚੋਣ ਲਈ ਟ੍ਰਾਇਲ ਕੱਲ੍ਹ ਕਰਵਾਏ ਗਏ ਸਨ, ਜਿਸ ਦੇ ਆਧਾਰ 'ਤੇ ਅੱਜ ਮੈਚ ਆਯੋਜਿਤ ਕੀਤੇ ਗਏ। ਇਸ





ਸਮਾਗਮ ਦਾ ਉਦਘਾਟਨ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬ੍ਰਿਜਲਾਲ, ਪ੍ਰਬੰਧਕ ਸਤੀਸ਼ ਕੁਮਾਰ, ਮੈਂਬਰ ਡਾ. ਗੌਰਵ ਗਰਗ, ਜਗਦੀਪ ਸਿੰਘ ਅਤੇ ਪ੍ਰਿੰਸੀਪਲ ਰਪਿੰਦਰ ਪਟਿਆਲ ਵੱਲੋਂ ਕੀਤਾ ਗਿਆ ਅਤੇ ਉਹਨਾਂ ਵਲੋਂ ਹਰੀ ਝੰਡੀ ਦਿਖਾ ਕੇ ਰੇਸ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਵਾਈਸ ਪ੍ਰਿੰਸੀਪਲ ਰਾਜੇਸ਼ ਕੁਮਾਰ, ਪ੍ਰਾਈਮਰੀ ਕੋਆਰਡੀਨੇਟਰ ਪੂਨਮ ਸ਼ਰਮਾ, ਸਕੂਲ ਡੀਪੀ ਭਰਪੂਰ ਸਿੰਘ, ਕ੍ਰਿਕਟ ਕੋਚ ਹਰਪ੍ਰੀਤ ਸ਼ਰਮਾ




ਅਤੇ ਸਕੂਲ ਕ੍ਰਿਕਟ ਕਲੱਬ ਦੇ ਮੁਖੀ ਕੁਲਦੀਪ ਰਿਸ਼ੀ ਵੀ ਮੌਜੂਦ ਰਹੇ।ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਵਿਦਿਆਰਥੀਆਂ ਵਿੱਚ ਖੇਡਾਂ ਪ੍ਰਤੀ ਬੇਹੱਦ ਜੋਸ਼ ਅਤੇ ਉਤਸ਼ਾਹ ਵੇਖਣ ਨੂੰ ਮਿਲਿਆ। ਇਸ ਦੌਰਾਨ ਸਕੂਲ ਦੇ ਪ੍ਰਿੰਸੀਪਲ ਨੇ ਘੋਸ਼ਣਾ ਕੀਤੀ ਕਿ ਸਕੂਲ ਵਿੱਚ ਜਲਦੀ ਹੀ ਕ੍ਰਿਕਟ ਅਕੈਡਮੀ ਸ਼ੁਰੂ ਕੀਤੀ ਜਾਵੇਗੀ, ਤਾਂ ਜੋ ਬੱਚਿਆਂ ਵਿੱਚ ਕ੍ਰਿਕਟ ਅਤੇ ਖੇਡਾਂ ਪ੍ਰਤੀ ਰੁਚੀ ਨੂੰ ਵਧਾਇਆ ਜਾ ਸਕੇ । ਕੌਣ ਜਾਣਦਾ ਹੈ ਕਿ ਭਵਿੱਖ ਵਿੱਚ ਭੀਖੀ ਦੇ ਇਹਨਾਂ ਬੱਚਿਆਂ ਵਿੱਚੋਂ ਹੀ ਮਹਿੰਦਰ ਸਿੰਘ ਧੋਨੀ ਅਤੇ ਵਿਰਾਟ ਕੋਹਲੀ ਵਰਗੇ ਸਿਤਾਰੇ ਤਿਆਰ ਹੋ ਜਾਣ। ਇਸ ਦੇ ਨਾਲ ਹੀ ਸਕੂਲ ਵੱਲੋਂ ਸਾਈਕਲਿੰਗ ਨੂੰ ਇੱਕ ਵਿਅਕਤੀਗਤ ਖੇਡ ਵਜੋਂ ਵੀ ਸ਼ੁਰੂ ਕੀਤਾ ਜਾ ਰਿਹਾ ਹੈ। ਇਹਨਾਂ ਸ਼ਬਦਾਂ ਦੇ ਨਾਲ ਉਹਨਾਂ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਇਸ ਤਰਾਂ ਦੇ ਮੁਕਾਬਲਿਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।ਇਹ ਸਮਾਗਮ ਸਕੂਲ ਵਿੱਚ ਖੇਡਾਂ ਨੂੰ ਉਤਸ਼ਾਹਿਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਸਾਬਤ ਹੋਇਆ।

# ਤਬਾਹ ਹੋਈਆਂ ਫਸਲਾਂ ਦੀ ਤੁਰੰਤ ਗਿਰਦਾਵਰੀ ਕਰਵਾਕੇ ਕਿਸਾਨਾਂ ਨੂੰ ਮੁਆਵਜ਼ਾ ਦੇਵੇ ਪੰਜਾਬ ਸਰਕਾਰ : ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਕਾਂਗਰਸ

**ਬਲਾਚੌਰ 10 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲਾ ਕਾਂਗਰਸ ਕਮੇਟੀ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਅਜੇ ਮੰਗੂਪੁਰ ਨੇ ਸੂਬੇ 'ਚ ਹਾਲ ਹੀ ਦੌਰਾਨ ਹੋਈ ਭਾਰੀ ਬਾਰਸ਼ ਅਤੇ ਗੜੇਮਾਰੀ ਕਾਰਨ ਕਿਸਾਨਾਂ ਦੀਆਂ ਫਸਲਾਂ ਨੂੰ ਹੋਏ ਵੱਡੇ ਨੁਕਸਾਨ 'ਤੇ ਗੰਭੀਰ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਹੈ ਕਿ ਤੁਰੰਤ ਪ੍ਰਭਾਵ ਨਾਲ ਨੁਕਸਾਨ ਦੀ ਗਿਰਦਾਵਰੀ ਕਰਵਾ ਕੇ ਪ੍ਰਭਾਵਿਤ ਕਿਸਾਨਾਂ ਨੂੰ ਜਲਦ ਤੋਂ ਜਲਦ ਯੋਗ ਮੁਆਵਜ਼ਾ ਦਿੱਤਾ ਜਾਵੇ, ਤਾਂ ਜੋ ਉਹ ਆਰਥਿਕ ਸੰਕਟ ਤੋਂ ਬਚ ਸਕਣ। ਅਜੇ ਮੰਗੂਪੁਰ ਨੇ ਕਿਹਾ ਕਿ ਪੰਜਾਬ ਦੇ ਕਈ ਇਲਾਕਿਆਂ 'ਚ ਹੋਈ ਭਾਰੀ ਬਾਰਿਸ਼ ਅਤੇ ਗੜੇਮਾਰੀ ਤੋਂ ਇਲਾਵਾ ਤੇਜ਼ ਹਵਾਵਾਂ 'ਨੇ ਕਿਸਾਨਾਂ ਦੀ ਮਿਹਨਤ ਨੂੰ ਪੂਰੀ ਤਰ੍ਹਾਂ ਬਰਬਾਦ ਕਰ ਦਿੱਤਾ ਹੈ। ਖੇਤਾਂ 'ਚ ਖੜ੍ਹੀ ਕਣਕ ਸਮੇਤ ਹੋਰ ਫਸਲਾਂ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ, ਜਿਸ ਕਾਰਨ ਕਿਸਾਨ ਗੰਭੀਰ



ਆਰਥਿਕ ਸੰਕਟ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸਾਨ ਪਹਿਲਾਂ ਹੀ ਕਰਜ਼ੇ ਦੇ ਬੋਝ ਹੇਠ ਦੱਬੇ ਹੋਏ ਹਨ ਅਤੇ ਹੁਣ ਕੁਦਰਤੀ ਆਫਤਾਂ ਨੇ ਉਨ੍ਹਾਂ ਦੀ ਹਾਲਤ ਹੋਰ ਵੀ ਖਰਾਬ ਕਰ ਦਿੱਤੀ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਸੂਬਾ ਸਰਕਾਰ ਨੂੰ ਲੋਕਾਂ ਦੇ ਮੁੱਖ ਮਸਲਿਆਂ ਨਾਲ ਕੋਈ ਲੈਣਾ-ਦੇਣਾ ਨਹੀਂ ਰਹਿ ਗਿਆ ਅਤੇ ਉਹ ਹੋਰ ਗੈਰ-ਜ਼ਰੂਰੀ ਕੰਮਾਂ 'ਚ ਰੁੱਝੀ ਹੋਈ ਹੈ ਜਦਕਿ ਦੇਸ਼ ਦਾ ਅੰਨਦਾਤਾ ਬਰਬਾਦੀ ਦੀ ਕਗਾਰ 'ਤੇ ਪਹੁੰਚ ਚੁੱਕਾ ਹੈ ਪਰ ਸਰਕਾਰ ਵੱਲੋਂ ਕੋਈ ਢੁੱਕਵਾਂ ਕਦਮ ਨਹੀਂ ਚੁੱਕਿਆ ਜਾ ਰਿਹਾ। ਉਨਾਂ ਕਿਹਾ ਕਿ ਇਹ ਸਮਾਂ ਕਿਸਾਨਾਂ ਦੇ ਨਾਲ ਖੜ੍ਹਨ ਦਾ ਹੈ, ਨਾ ਕਿ ਰਾਜਨੀਤਿਕ ਪ੍ਰਚਾਰ ਕਰਨ ਦਾ। ਅਜੇ ਮੰਗੂਪੁਰ ਨੇ ਮੰਗ ਕੀਤੀ ਕਿ ਸਰਕਾਰ ਤੁਰੰਤ ਸਾਰੇ ਪ੍ਰਭਾਵਿਤ ਖੇਤਰਾਂ 'ਚ ਵਿਸ਼ੇਸ਼ ਟੀਮਾਂ ਭੇਜ ਕੇ ਗਿਰਦਾਵਰੀ ਕਰਵਾਏ ਅਤੇ ਨੁਕਸਾਨ ਦਾ ਸਹੀ ਅੰਕਲਣ ਕਰੇ। ਇਸ ਦੇ ਨਾਲ ਹੀ ਕਿਸਾਨਾਂ ਨੂੰ ਤੁਰੰਤ ਅੰਤ੍ਰਿਮ ਰਾਹਤ ਰਾਸ਼ੀ ਜਾਰੀ ਕੀਤੀ ਜਾਵੇ ਤਾਂ ਜੋ ਉਹ ਆਪਣੀ ਰੋਜ਼ਮਰ੍ਹਾ ਦੀ ਜ਼ਿੰਦਗੀ ਚਲਾ ਸਕਣ ਅਤੇ ਅਗਲੀ ਫਸਲ ਲਈ ਤਿਆਰੀ ਕਰ ਸਕਣ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ ਸਰਕਾਰ ਨੇ ਜਲਦ ਕਾਰਵਾਈ ਨਾ ਕੀਤੀ ਤਾਂ ਕਾਂਗਰਸ ਪਾਰਟੀ ਕਿਸਾਨਾਂ ਦੇ ਹੱਕਾਂ ਲਈ ਸੜਕਾਂ 'ਤੇ ਉਤਰ ਕੇ ਸੰਘਰਸ਼ ਕਰੇਗੀ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਪੀੜਾ ਨੂੰ ਅਣਡਿੱਠਾ ਨਹੀਂ ਕੀਤਾ ਜਾ ਸਕਦਾ ਅਤੇ ਸਰਕਾਰ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਹੀ ਪਵੇਗੀ।

# ਓਵਰਲੋਡਿਡ ਵਾਹਨਾਂ ਦੇ ਏਆਰਟੀਓ ਨੇ ਵਿਸ਼ੇਸ਼ ਨਾਕਾਬੰਦੀ ਕਰਕੇ ਕੱਟੇ ਚਾਲਾਨ

**ਨਵਾਂਸ਼ਹਿਰ /ਕਾਠਗੜ੍ਹ 10 ਅਪ੍ਰੈਲ** (ਜਤਿੰਦਰ ਪਾਲ ਸਿੰਘ ਕਲੇਰ )- ਟੋਲ ਪਲਾਜ਼ਾ ਬੱਛੂਆਂ ਤੇ ਆਰਟੀਓ ਅਤੇ ਏਡੀਟੀਓ ਕਮਲੇਸ਼ ਕੁਮਾਰੀ ਵਲੋਂ ਵਿਸ਼ੇਸ਼ ਨਾਕਾਬੰਦੀ ਕਰਕੇ ਟ੍ਰੈਫਿਕ ਨਿਯਮਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਅਤੇ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਖਿਲਾਫ਼ ਸਖਤ ਕਾਰਵਾਈ ਕਰਦੇ ਹੋਏ 11 ਦੇ ਕਰੀਬ ਵਾਹਨ ਚਾਲਕਾ ਦੇ ਚਾਲਾਨ ਕੱਟੇ ਗਏ । ਇਸ ਮੌਕੇ ਏਡੀਟੀਓ ਕਮਲੇਸ਼ ਕੁਮਾਰੀ ਨੇ ਬੱਛੂਆਂ ਟੋਲ ਪਲਾਜ਼ਾ ਤੇ ਵਿਸ਼ੇਸ਼ ਨਾਕਾ ਬੰਦੀ ਕਰਕੇ ਓਵਰਲੋਡਿਡ ਵਾਹਨਾਂ , ਓਵਰ ਸਪੀਡ, ਬਿਨਾ ਕਾਗਜ਼ਾਤ ਬਿਨਾਂ ਨੰਬਰ ਪਲੇਟਾਂ ਤੇ ਪ੍ਰੇਸ਼ਰ ਹਾਰਨ ਆਦਿ ਦੇ 11




ਦੇ ਕਰੀਬ ਚਾਲਾਨ ਕੀਤੇ ਅਤੇ ਉਨ੍ਹਾਂ ਨੇ ਵਾਹਨ ਚਾਲਕਾਂ ਨੂੰ ਤਾੜਨਾ ਕਰਦੇ ਹੋਏ ਕਿਹਾ ਕਿ ਆਪਣੇ ਘਰ ਤੋਂ ਨਿਕਲਦੇ ਸਮੇਂ ਵਾਹਨਾਂ ਦੀ ਕਾਗਜ਼ਾਤ ਪੂਰੇ ਨਾਲ ਲੈ ਕੇ ਚੱਲੇ ਤਾਂਕਿ ਚੈਕਿੰਗ ਦੌਰਾਨ ਕਿਸੇ ਤਰ੍ਹਾਂ ਦੀ ਸਮੱਸਿਆ ਨਾ ਆਵੇ । ਉਨ੍ਹਾਂ ਨੇ ਵਾਹਨ ਧੀਮੀ ਗਤੀ ਨਾਲ ਚੱਲਣ ਲਈ ਪ੍ਰੇਰਿਤ ਕੀਤਾ । ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਆਕਤੀ ਨਿਯਮਾਂ ਦੀ ਉਲੰਘਣਾ ਕਰਦਾਂ ਪਾਇਆ ਗਿਆ ਤਾ ਉਸਦੇ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ । ਉਨ੍ਹਾਂ ਕਿਹਾ ਕਿ ਸਮੇਂ ਸਮੇਂ ਤੇ ਉਨ੍ਹਾਂ ਵਲੋਂ ਚੈਕਿੰਗ ਕੀਤੀ ਜਾਂਦੀ ਰਹੇਗੀ ।

# ਸ਼ਹਾਬਪੁਰ ਵਿਖੇ ਇਨਕਲਾਬੀ ਨਾਟਕ 13 ਅਪ੍ਰੈਲ ਨੂੰ




**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਭਾਰਤੀ ਕਮਿਊਨਿਸਟ ਪਾਰਟੀ( ਮਾਰਕਸਵਾਦੀ - ਲੈਨਿਨਵਾਦੀ ) ਨਿਊ ਡੈਮੋਕਰੇਸੀ ਵਲੋਂ 13 ਅਪ੍ਰੈਲ ਨੂੰ ਦਿਨ ਸਮੇਂ ਪਿੰਡ ਸ਼ਹਾਬਪੁਰ ਵਿਖੇ ਇਨਕਲਾਬੀ ਨਾਟਕ ਕਰਵਾਏ ਜਾ ਰਹਿ ਹਨ।ਇਸ ਸਬੰਧੀ ਸ਼ਹੀਦ ਮਾਸਟਰ ਗਿਆਨ ਸਿੰਘ ਸੰਘਾ ਦੀ ਯਾਦਗਾਰ ਉੱਤੇ ਮੀਟਿੰਗ ਕੀਤੀ ਗਈ।ਮੀਟਿੰਗ ਉਪਰੰਤ ਜਾਣਕਾਰੀ ਦਿੰਦਿਆਂ ਪਾਰਟੀ ਦੇ ਆਗੂ ਕੁਲਵਿੰਦਰ ਸਿੰਘ ਵੜੈਚ ਨੇ ਦੱਸਿਆ ਕਿ ਲੋਕ ਕਲਾ ਮੰਚ ਮੰਡੀ ਮੁੱਲਾਂ ਪੁਰ ਦੀ ਨਾਟਕ ਟੀਮ ਨਾਟਕ ਪੇਸ਼ ਕਰੇਗੀ।ਇਹ ਨਾਟਕ ਦਿਨੇ 11 ਵਜੇ ਸ਼ੁਰੂ ਹੋਣਗੇ।ਇਸ ਮੌਕੇ ਪਾਰਟੀ ਆਗੂ ਮੌਜੂਦਾ ਕੌਮੀ ਅਤੇ ਕੌਮਾਂਤਰੀ ਹਾਲਤਾਂ ਉੱਤੇ ਵਿਚਾਰ ਪਰਗਟ ਕਰਨਗੇ।

# ਇੰਸਪੈਕਟਰ ਕਮਲ ਤਨੇਜਾ ਨੇ ਬਲਾਚੌਰ ਸਿਟੀ ਥਾਣੇ ਦੇ ਮੁਖੀ ਵਜੋਂ ਸੰਭਾਲਿਆ ਅਹੁਦਾ; ਮਾੜੇ ਅਨਸਰਾਂ ਨੂੰ ਦਿੱਤੀ ਸਖ਼ਤ ਚੇਤਾਵਨੀ

**ਬਲਾਚੌਰ, 10 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ** ):ਇਲਾਕੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਹੋਰ ਮਜ਼ਬੂਤ ਕਰਨ ਅਤੇ ਸਮਾਜਿਕ ਬੁਰਾਈਆਂ ਨੂੰ ਜੜ੍ਹੋਂ ਖ਼ਤਮ ਕਰਨ ਦੇ ਉਦੇਸ਼ ਨਾਲ ਇੰਸਪੈਕਟਰ ਕਮਲ ਤਨੇਜਾ ਨੇ ਅੱਜ ਤਹਿਸੀਲ ਬਲਾਚੌਰ ਦੇ ਸਿਟੀ ਥਾਣੇ ਵਿੱਚ ਬਤੌਰ ਐਸ.ਐਚ.ਓ. ਆਪਣਾ ਅਹੁਦਾ ਸੰਭਾਲ ਲਿਆ ਹੈ। ਜ਼ਿਕਰਯੋਗ ਹੈ ਕਿ ਇੰਸਪੈਕਟਰ ਤਨੇਜਾ ਇੱਕ ਤਜ਼ਰਬੇਕਾਰ ਅਧਿਕਾਰੀ ਹਨ, ਜੋ ਇਸ ਤੋਂ ਪਹਿਲਾਂ ਵੀ ਬਹਿਰਾਮ,ਚਮਕੌਰ ਸਾਹਿਬ, ਮੋਹਾਲੀ ਸਮੇਤ ਕਈ ਅਹਿਮ ਸਟੇਸ਼ਨਾਂ 'ਤੇ ਬਤੌਰ ਐਸ.ਐਚ.ਓ. ਆਪਣੀਆਂ ਸ਼ਾਨਦਾਰ ਸੇਵਾਵਾਂ ਨਿਭਾ ਕੇ ਆਪਣੀ ਕਾਰਜਸ਼ੈਲੀ ਦਾ ਲੋਹਾ ਮਨਵਾ ਚੁੱਕੇ ਹਨ।ਅਹੁਦਾ ਸੰਭਾਲਦਿਆਂ ਹੀ ਇੰਸਪੈਕਟਰ ਕਮਲ ਤਨੇਜਾ ਨੇ ਨਸ਼ਾ ਤਸਕਰਾਂ ਨੂੰ ਸਖ਼ਤ ਲਹਿਜੇ ਵਿੱਚ ਤਾੜਨਾ ਕੀਤੀ। ਉਨ੍ਹਾਂ ਕਿਹਾ, "ਜਿਹੜੇ ਲੋਕ ਨਸ਼ਾ ਵੇਚਦੇ ਹਨ ਜਾਂ ਨਸ਼ੇ ਦੇ ਕਾਰੋਬਾਰ ਵਿੱਚ ਲਿਪਤ ਹਨ, ਉਹ ਜਾਂ ਤਾਂ ਇਹ ਗਲਤ ਕੰਮ ਤੁਰੰਤ ਬੰਦ ਕਰ ਦੇਣ ਜਾਂ ਫਿਰ ਜੇਲ੍ਹ



ਦੀਆਂ ਸੀਖਾਂ ਪਿੱਛੇ ਜਾਣ ਲਈ ਤਿਆਰ ਰਹਿਣ।" ਉਨ੍ਹਾਂ ਸਪੱਸ਼ਟ ਕੀਤਾ ਕਿ ਨਸ਼ਿਆਂ ਵਿਰੁੱਧ ਕੋਈ ਵੀ ਲਿਹਾਜ਼ ਨਹੀਂ ਵਰਤਿਆ ਜਾਵੇਗਾ ਅਤੇ ਪੁਲਿਸ ਨਸ਼ੇ ਦੀ ਸਪਲਾਈ ਲਾਈਨ ਨੂੰ ਤੋੜਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਨਵੇਂ ਐਸ.ਐਚ.ਓ. ਨੇ ਵਿਸ਼ੇਸ਼ ਤੌਰ 'ਤੇ ਕਿਹਾ ਕਿ ਸ਼ਹਿਰ ਵਿੱਚ ਬਜ਼ੁਰਗਾਂ ਅਤੇ ਔਰਤਾਂ ਦੀ ਸੁਰੱਖਿਆ ਅਤੇ ਸਨਮਾਨ ਉਨ੍ਹਾਂ ਦੀ ਮੁੱਖ ਤਰਜੀਹ ਹੋਵੇਗੀ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੋ ਵੀ ਸ਼ਰਾਰਤੀ ਅਨਸਰ ਮਹਿਲਾਵਾਂ ਜਾਂ ਬਜ਼ੁਰਗਾਂ ਨਾਲ ਬਦਸਲੂਕੀ ਕਰੇਗਾ, ਉਸ 'ਤੇ ਤੁਰੰਤ ਸ਼ਿਕੰਜਾ ਕੱਸਿਆ ਜਾਵੇਗਾ। ਅਜਿਹੇ ਗਲਤ ਅਨਸਰਾਂ ਨੂੰ ਨੱਥ ਪਾਉਣ ਲਈ ਪੁਲਿਸ ਵੱਲੋਂ ਵਿਸ਼ੇਸ਼ ਮੁਹਿੰਮਾਂ ਚਲਾਈਆਂ ਜਾਣਗੀਆਂ।ਸ਼ਹਿਰ ਦੀ ਅੰਦਰੂਨੀ ਵਿਵਸਥਾ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ ਤਾਂ ਜੋ ਆਮ ਜਨਤਾ ਨੂੰ ਆਵਾਜਾਈ ਵਿੱਚ ਕੋਈ ਪ੍ਰੇਸ਼ਾਨੀ ਨਾ ਆਵੇ।ਕਿਸੇ ਵੀ ਵਿਅਕਤੀ ਨੂੰ ਕਾਨੂੰਨ ਹੱਥ ਵਿੱਚ ਲੈਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਅਮਨ-ਸ਼ਾਂਤੀ ਭੰਗ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਅੰਤ ਵਿੱਚ, ਐਸ.ਐਚ.ਓ. ਕਮਲ ਤਨੇਜਾ ਨੇ ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਪੁਲਿਸ ਪ੍ਰਸ਼ਾਸਨ ਦਾ ਸਹਿਯੋਗ ਕਰਨ ਤਾਂ ਜੋ ਬਲਾਚੌਰ ਨੂੰ ਇੱਕ ਸੁਰੱਖਿਅਤ, ਸ਼ਾਂਤਮਈ ਅਤੇ ਨਸ਼ਾ ਮੁਕਤ ਸ਼ਹਿਰ ਬਣਾਇਆ ਜਾ ਸਕੇ।

# ਦੱਖਣੀ ਵੇਲਜ਼ ’ਚ ਮਨੁੱਖੀ ਤਸਕਰੀ ਦਾ ਵੱਡਾ ਜਾਲ ਬੇਨਕਾਬ

## ਹਰ ਹਫ਼ਤੇ ਕਰੀਬ 100 ਲੋਕ ਯੂਰਪ ਭੇਜਣ ਵਾਲੇ ਦੋ ਵਿਅਕਤੀਆਂ ਨੂੰ 19-19 ਸਾਲ ਕੈਦ

**ਲੈਸਟਰ (ਇੰਗਲੈਂਡ), 10 ਅਪ੍ਰੈਲ (ਸੁਖਜਿੰਦਰ ਸਿੰਘ ਢੱਡੇ)-** ਬਰਤਾਨੀਆ ਵਿੱਚ ਮਨੁੱਖੀ ਤਸਕਰੀ ਦੇ ਇੱਕ ਵੱਡੇ ਅਤੇ ਸੁਚੱਜੇ ਜਾਲ ਦਾ ਪਰਦਾਫਾਸ਼ ਹੋਇਆ ਹੈ, ਜਿਸ ਦੇ ਦੋ ਮੁੱਖ ਦੋਸ਼ੀਆਂ ਨੂੰ ਅਦਾਲਤ ਵੱਲੋਂ 19-19 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਹ ਜਾਲ ਦੱਖਣੀ ਵੇਲਜ਼ ਦੇ ਕੈਰਫ਼ਿਲੀ ਇਲਾਕੇ ਵਿੱਚ ਇੱਕ ਵਾਹਨ ਧੋਣ ਦੇ ਧੰਧੇ ਦੀ ਆੜ ਹੇਠ ਚੱਲ ਰਿਹਾ ਸੀ ਅਤੇ ਉੱਥੋਂ ਹੀ ਯੂਰਪ ਦੇ ਵੱਖ-ਵੱਖ ਰਸਤੇ ਵਰਤ ਕੇ ਲੋਕਾਂ ਨੂੰ ਗੈਰਕਾਨੂੰਨੀ ਢੰਗ ਨਾਲ ਪਹੁੰਚਾਉਣ ਦੀ ਕਾਰਵਾਈ ਚਲਾਈ ਜਾਂਦੀ ਸੀ।

ਅਦਾਲਤ ਵਿੱਚ ਦੋਸ਼ੀ ਕਰਾਰ ਦਿੱਤੇ ਗਏ ਦਿਲਸ਼ਾਦ ਸ਼ਾਮੋ, ਉਮਰ 41 ਸਾਲ, ਅਤੇ ਅਲੀ ਖ਼ਿਦਰ, ਉਮਰ 40 ਸਾਲ, ਮੂੱਢੋਂ ਇਰਾਕੀ ਕੁਰਦਿਸਤਾਨ ਨਾਲ ਸੰਬੰਧ ਰੱਖਦੇ ਹਨ ਅਤੇ ਬਰਤਾਨੀਆ ਵਿੱਚ ਕਾਨੂੰਨੀ ਤੌਰ ’ਤੇ ਰਹਿ ਰਹੇ ਸਨ। ਜਾਂਚ ਏਜੰਸੀ ਦੀ ਲੰਬੀ ਨਿਗਰਾਨੀ, ਗੁਪਤ ਤੌਰ ’ਤੇ ਇਕੱਠੇ ਕੀਤੇ ਸਬੂਤਾਂ ਅਤੇ ਅਨੇਕਾਂ ਘੰਟਿਆਂ ਦੀ ਜਾਂਚ ਮਗਰੋਂ ਇਹ ਪੂਰਾ ਜਾਲ ਬੇਨਕਾਬ ਕੀਤਾ ਗਿਆ।

ਅਦਾਲਤ ਨੇ ਟਿੱਪਣੀ ਕੀਤੀ ਕਿ ਦੋਵੇਂ ਨੇ ਇੱਕ ਬਹੁਤ ਹੀ ਸੁਗਠਿਤ ਅਤੇ ਕਾਮਯਾਬ ਮਨੁੱਖੀ ਤਸਕਰੀ ਕਾਰਵਾਈ ਵਿੱਚ ਅਗਵਾਈ ਵਾਲੀ ਭੂਮਿਕਾ ਨਿਭਾਈ। ਜਾਂਚ ਦੌਰਾਨ ਇਹ ਸਾਹਮਣੇ ਆਇਆ ਕਿ ਦੋਵੇਂ ਦੋਸ਼ੀ ਲਗਾਤਾਰ ਕਰੀਬ ਦੋ ਸਾਲਾਂ ਤੱਕ ਹਰ ਹਫ਼ਤੇ ਲਗਭਗ ਸੌ ਲੋਕਾਂ ਨੂੰ ਯੂਰਪ ਦੇ ਵੱਖ-ਵੱਖ ਦੇਸ਼ਾਂ ਵਿੱਚ ਪਹੁੰਚਾਉਂਦੇ ਰਹੇ।

ਜਾਂਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਿਰਫ਼ ਛੇ ਮਹੀਨਿਆਂ ਵਿੱਚ ਹੀ ਚਾਰ ਸੌ ਤੋਂ ਵੱਧ ਲੋਕਾਂ ਦੀ ਤਸਕਰੀ ਕੀਤੀ ਗਈ, ਜਦਕਿ ਕੁੱਲ ਗਿਣਤੀ ਹਜ਼ਾਰਾਂ ਵਿੱਚ ਹੋ ਸਕਦੀ ਹੈ। ਜਾਂਚ ਕਰਨ ਵਾਲੇ ਅਧਿਕਾਰੀਆਂ ਨੇ ਇਸ ਜਾਲ ਨੂੰ ਇੱਕ ਤਰ੍ਹਾਂ ਦੀ ਗੈਰਕਾਨੂੰਨੀ ਯਾਤਰਾ ਸੇਵਾ ਕਰਾਰ ਦਿੱਤਾ, ਜੋ ਲੋਕਾਂ ਤੋਂ ਰਕਮ ਲੈ ਕੇ ਉਨ੍ਹਾਂ ਨੂੰ ਮੰਜ਼ਿਲ ਤੱਕ ਪਹੁੰਚਾਉਣ ਦੇ ਵਾਅਦੇ ਕਰਦੀ ਸੀ।

ਸਾਹਮਣੇ ਆਏ ਵੇਰਵਿਆਂ ਅਨੁਸਾਰ ਇਸ ਜਾਲ ਵੱਲੋਂ ਵੱਖ-ਵੱਖ ਪੱਧਰਾਂ ਦੀਆਂ ਯਾਤਰਾ ਸਹੂਲਤਾਂ ਦਿੱਤੀਆਂ ਜਾਂਦੀਆਂ ਸਨ। ਸਭ ਤੋਂ ਮਹਿੰਗੀ ਸਹੂਲਤ ਤਹਿਤ ਨਕਲੀ ਯਾਤਰਾ ਕਾਗਜ਼ਾਤ ਅਤੇ ਹਵਾਈ ਰਸਤੇ ਦੀ ਵਰਤੋਂ ਕਰਕੇ ਲੋਕਾਂ ਨੂੰ ਮੰਜ਼ਿਲ ਤੱਕ ਪਹੁੰਚਾਉਣ ਦਾ ਜ਼ਿੰਮੇਵਾ ਲਿਆ ਜਾਂਦਾ ਸੀ, ਜਿਸ ਲਈ ਦਸ ਹਜ਼ਾਰ ਤੋਂ ਪੱਚੀ ਹਜ਼ਾਰ ਪੌਂਡ ਤੱਕ ਲਏ ਜਾਂਦੇ ਸਨ। ਇਸ ਤੋਂ ਹੇਠਲੇ ਦਰਜੇ ਵਿੱਚ



ਗ੍ਰਿਫਤਾਰ ਕੀਤੇ ਗਏ ਦੋਸੀ! ਤਸਵੀਰਾਂ :-ਸੁਖਜਿੰਦਰ ਸਿੰਘ ਢੱਡੇ

ਸਮੁੰਦਰੀ ਰਸਤੇ ਯਾਤਰਾ ਕਰਵਾਈ ਜਾਂਦੀ ਸੀ, ਜਿਸ ਲਈ ਅੱਠ ਹਜ਼ਾਰ ਤੋਂ ਦਸ ਹਜ਼ਾਰ ਪੌਂਡ ਤੱਕ ਦੀ ਰਕਮ ਲਈ ਜਾਂਦੀ ਸੀ। ਸਭ ਤੋਂ ਸਸਤੇ ਪ੍ਰਬੰਧ ਹੇਠ ਲੋਕਾਂ ਨੂੰ ਵੱਡੇ ਮਾਲਵਾਹਕ ਵਾਹਨਾਂ ਜਾਂ ਛੋਟੀਆਂ ਕਿਸ਼ਤੀਆਂ ਰਾਹੀਂ ਲਿਜਾਇਆ ਜਾਂਦਾ ਸੀ, ਜਿਸ ਲਈ ਤਿੰਨ ਹਜ਼ਾਰ ਤੋਂ ਪੰਜ ਹਜ਼ਾਰ ਪੌਂਡ ਤੱਕ ਲਏ ਜਾਂਦੇ ਸਨ। ਇਸ ਜਾਲ ਦੀ ਇੱਕ ਹੋਰ ਹੈਰਾਨੀਜਨਕ ਗੱਲ ਇਹ ਸੀ ਕਿ ਯਾਤਰਾ ਪੂਰੀ ਕਰਨ ਵਾਲੇ ਲੋਕਾਂ ਨੂੰ ਆਪਣੇ ਤਜਰਬੇ ਬਾਰੇ ਛੋਟੀਆਂ ਚਲਦੀਆਂ ਤਸਵੀਰਾਂ ਬਣਾਕੇ ਸਮਾਜਿਕ ਮਾਧਿਅਮਾਂ ’ਤੇ ਸਾਂਝੀਆਂ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਸੀ। ਇਨ੍ਹਾਂ ਰਾਹੀਂ ਹੋਰ ਲੋਕਾਂ ਨੂੰ ਇਹ ਵਿਸ਼ਵਾਸ ਦਵਾਇਆ ਜਾਂਦਾ ਸੀ ਕਿ ਰਸਤਾ ਸੁਗਮ ਹੈ ਅਤੇ ਸੇਵਾ ਭਰੋਸੇਯੋਗ ਹੈ। ਕੁਝ ਚਲਦੀਆਂ ਤਸਵੀਰਾਂ ਵਿੱਚ ਲੋਕ ਵਾਹਨਾਂ ਦੇ ਅੰਦਰੋਂ ਅੰਗੂਠਾ ਚੁੱਕ ਕੇ ਆਪਣੀ ਯਾਤਰਾ ਨੂੰ ਚੰਗਾ ਦੱਸਦੇ ਵੀ ਨਜ਼ਰ ਆਏ। ਇੱਕ ਹੋਰ ਮੌਕੇ ’ਤੇ ਇੱਕ ਪਰਿਵਾਰ ਨੇ ਮੰਜ਼ਿਲ ’ਤੇ ਪਹੁੰਚਣ ਮਗਰੋਂ ਧੰਨਵਾਦ ਪ੍ਰਗਟ ਕੀਤਾ। ਜਾਂਚ ਅਧਿਕਾਰੀਆਂ ਅਨੁਸਾਰ ਇਹ ਤਰੀਕਾ ਹੋਰ ਲੋਕਾਂ ਨੂੰ ਇਸ ਜਾਲ ਵੱਲ ਖਿੱਚਣ ਲਈ ਵਰਤਿਆ ਜਾਂਦਾ ਸੀ।

ਜਾਂਚ ਤੋਂ ਇਹ ਵੀ ਪਤਾ ਲੱਗਾ ਕਿ ਇਹ ਸਾਰਾ ਜਾਲ ਇਰਾਕ, ਇਰਾਨ ਅਤੇ ਸੀਰੀਆ ਤੋਂ ਲੋਕਾਂ ਨੂੰ ਚਲਾਉਂਦਾ ਹੋਇਆ ਬੇਲਾਰੂਸ, ਮੋਲਡੋਵਾ ਅਤੇ ਬੋਸਨੀਆ ਦੇ ਰਸਤਿਆਂ ਰਾਹੀਂ ਇਟਲੀ, ਕਰੋਏਸ਼ੀਆ, ਰੋਮਾਨੀਆ, ਬੁਲਗਾਰੀਆ, ਸਲੋਵੇਨੀਆ, ਜਰਮਨੀ ਅਤੇ ਫ਼ਰਾਂਸ ਤੱਕ ਲੈ ਜਾਂਦਾ ਸੀ। ਹਰ ਪੜਾਅ ’ਤੇ ਵੱਖ-ਵੱਖ ਮਦਦਗਾਰ ਟੋਲੀਆਂ ਕੰਮ ਕਰਦੀਆਂ ਸਨ, ਜਿਨ੍ਹਾਂ ਨੂੰ ਪਹਿਲਾਂ ਤੋਂ ਤੈਅ ਕੀਤੀ ਗਈ ਰਕਮ ਵਿੱਚੋਂ ਹਿੱਸਾ ਮਿਲਦਾ ਸੀ। ਇਸ ਤਰ੍ਹਾਂ ਇਹ ਇਕ ਦੇਸ਼ ਤੱਕ ਸੀਮਤ ਨਹੀਂ, ਸਗੋਂ ਕਈ ਦੇਸ਼ਾਂ ਵਿੱਚ ਫੈਲਿਆ ਹੋਇਆ ਸੁਗਠਿਤ ਜਾਲ ਸੀ।

ਇਸ ਧੰਧੇ ਵਿੱਚ ਰਕਮ ਦੀ ਲੈਣ-ਦੇਣ ਲਈ ਇੱਕ ਪੁਰਾਣਾ ਗੈਰ-ਰਸਮੀ ਤਰੀਕਾ ਵਰਤਿਆ ਜਾਂਦਾ ਸੀ, ਜਿਸ ਵਿੱਚ ਰਕਮ ਸਿੱਧੀ ਬੈਂਕਾਂ ਰਾਹੀਂ ਨਹੀਂ ਭੇਜੀ ਜਾਂਦੀ, ਸਗੋਂ ਇੱਕ ਥਾਂ ਰਕਮ ਜਮ੍ਹਾ ਕਰਵਾ ਕੇ ਦੂਜੀ ਥਾਂ ਉੱਤੇ ਨਿਸ਼ਾਨੀ ਜਾਂ ਗੁਪਤ ਸੰਕੇਤ ਦੇ ਆਧਾਰ ’ਤੇ ਅਦਾ ਕਰਵਾਈ ਜਾਂਦੀ ਹੈ। ਇਸ ਤਰੀਕੇ ਕਾਰਨ ਪੁਲਿਸ ਅਤੇ ਹੋਰ ਜਾਂਚ ਏਜੰਸੀਆਂ ਲਈ ਰਕਮ ਦੀ ਅਸਲੀ ਲੜੀ ਤੱਕ ਪਹੁੰਚਣਾ ਬਹੁਤ ਔਖਾ ਹੋ ਜਾਂਦਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜ਼ਿਆਦਾਤਰ ਰਕਮ ਬਰਤਾਨੀਆ ਵਿੱਚ ਸਿੱਧੀ ਨਹੀਂ ਆਉਂਦੀ ਸੀ, ਸਗੋਂ ਮੱਧ ਪੂਰਬ ਵਿੱਚ ਹੀ ਵੱਖ-ਵੱਖ ਹੱਥਾਂ ਰਾਹੀਂ ਨਿਪਟਾਈ ਜਾਂਦੀ ਸੀ। ਇਸੇ ਕਾਰਨ ਦੋਸ਼ੀਆਂ ਦੀ ਵੱਡੀ ਕਮਾਈ ਦੇ ਬਾਵਜੂਦ ਬਰਾਮਦਗੀ ਬਹੁਤ ਘੱਟ ਹੋ ਸਕੀ।

ਜਾਂਚ ਕਰਨ ਵਾਲਿਆਂ ਨੇ ਇਹ ਵੀ ਕਿਹਾ ਕਿ ਦੋਸ਼ੀ ਦਿਨ-ਰਾਤ ਇਸ ਕਾਰਵਾਈ ਨੂੰ ਚਲਾਉਂਦੇ ਰਹਿੰਦੇ ਸਨ। ਉਨ੍ਹਾਂ ਦਾ ਮਕਸਦ ਵੱਧ ਤੋਂ ਵੱਧ ਲੋਕਾਂ ਨੂੰ ਵੱਧ ਤੋਂ ਵੱਧ ਰਕਮ ਦੇ ਬਦਲੇ ਯੂਰਪ ਦੇ ਵੱਖਰੇ ਰਸਤਿਆਂ ਰਾਹੀਂ ਪਹੁੰਚਾਉਣਾ ਸੀ। ਉਨ੍ਹਾਂ ਨੇ ਮਨੁੱਖੀ ਮਜ਼ਬੂਰੀ, ਜੰਗ ਤੋਂ ਭੱਜਦੇ ਲੋਕਾਂ ਦੀ ਬੇਬਸੀ ਅਤੇ ਪੱਛਮੀ ਦੇਸ਼ਾਂ ਤੱਕ ਪਹੁੰਚਣ ਦੀ ਉਮੀਦ ਦਾ ਨਿਰਦਈ ਤਰੀਕੇ ਨਾਲ ਲਾਭ ਉਠਾਇਆ।

ਅਦਾਲਤ ਨੇ ਸਜ਼ਾ ਸੁਣਾਉਂਦਿਆਂ ਕਿਹਾ ਕਿ ਦੋਵੇਂ ਦੋਸ਼ੀਆਂ ਨੇ ਸੁਚੱਜੇ ਢੰਗ ਨਾਲ ਇੱਕ ਅਜਿਹਾ ਅਪਰਾਧੀ ਜਾਲ ਚਲਾਇਆ, ਜਿਸ ਵਿੱਚ ਮਨੁੱਖੀ ਜ਼ਿੰਦਗੀਆਂ ਨੂੰ ਸਿਰਫ਼ ਕਮਾਈ ਦਾ ਸਾਧਨ ਸਮਝਿਆ ਗਿਆ। ਅਦਾਲਤ ਦੀ ਟਿੱਪਣੀ ਸੀ ਕਿ ਇਹ ਧੰਧਾ ਨਾ ਸਿਰਫ਼ ਗੈਰਕਾਨੂੰਨੀ ਸੀ, ਸਗੋਂ ਮਨੁੱਖੀ ਦੁੱਖ-ਦਰਦ ਤੋਂ ਲਾਭ ਕਮਾਉਣ ਦੀ ਨਿਰਦਈ ਮਿਸਾਲ ਵੀ ਸੀ।

ਇਸ ਮਾਮਲੇ ਨਾਲ ਇਹ ਗੱਲ ਮੁੜ ਸਾਬਤ ਹੋਈ ਹੈ ਕਿ ਮਨੁੱਖੀ ਤਸਕਰੀ ਦਾ ਧੰਧਾ ਅਜੇ ਵੀ ਬਹੁਤ ਵੱਡੇ ਪੱਧਰ ’ਤੇ ਚੱਲ ਰਿਹਾ ਹੈ ਅਤੇ ਇਸ ਵਿੱਚ ਹੋਣ ਵਾਲੇ ਭਾਰੀ ਲਾਭ ਕਾਰਨ ਇੱਕ ਜਾਲ ਟੁੱਟਣ ਮਗਰੋਂ ਦੂਜਾ ਖੜ੍ਹਾ ਹੋ ਜਾਣ ਦਾ ਖ਼ਤਰਾ ਬਣਿਆ ਰਹਿੰਦਾ ਹੈ।

ਜਾਂਚ ਅਧਿਕਾਰੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਇਸ ਤਰ੍ਹਾਂ ਦੇ ਗਿਰੋਹਾਂ ਖ਼ਿਲਾਫ਼ ਲਗਾਤਾਰ ਕਾਰਵਾਈ ਕਰਨੀ ਲਾਜ਼ਮੀ ਹੈ, ਨਹੀਂ ਤਾਂ ਬੇਸਹ-ਾਰਾ ਅਤੇ ਮਜ਼ਬੂਰ ਲੋਕਾਂ ਦਾ ਸ਼ੋਸ਼ਣ ਇਸੇ ਤਰ੍ਹਾਂ ਜਾਰੀ ਰਹੇਗਾ।

for more news visit:
www.samajweekly.com

# ਪੰਜਾਬ ਉਦੋਂ ਤੱਕ ਤਰੱਕੀ ਨਹੀਂ ਕਰ ਸਕਦਾ ਜਦੋਂ ਤੱਕ ਦਿੱਲੀ ਤੋਂ ਰਾਜ ਕਰਨ ਵਾਲਿਆਂ ਨੂੰ ਨਹੀਂ ਹਟਾਇਆ ਜਾਂਦਾ : ਕਮਲ ਚੇਤਲੀ ਗੁਰਬਖਸ਼ ਸਿੰਘ ਖਾਲਸਾ, ਸ਼ੁਕਾਰ, ਅਸ਼ੋਕ ਨਾਨੋਵਾਲ, ਆਰਪੀ ਸਿੰਘ ਨੇ ਵੀ ਸੰਬੋਧਨ ਕੀਤਾ

**ਬਲਾਚੌਰ, 10 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )**- ਸੀਨੀਅਰ ਅਕਾਲੀ ਆਗੂਆਂ ਅਸ਼ੋਕ ਨਾਨੋਵਾਲ ਅਤੇ ਅਸ਼ਵਨੀ ਬੱਗੂਵਾਲ ਦੇ ਸਾਂਝੇ ਯਤਨਾਂ ਨਾਲ ਪਿੰਡ ਬੱਗੂਵਾਲ ਵਿਖੇ ਸ਼੍ਰੋਮਣੀ ਅਕਾਲੀ ਦਲ (ਬ) ਦੇ ਸਰਗਰਮ ਵਰਕਰਾਂ ਦੀ ਇੱਕ ਵਿਸ਼ੇਸ਼ ਮੀਟਿੰਗ ਹੋਈ। ਜਿਸ ਵਿੱਚ ਇਲਾਕੇ ਦੇ ਸਮਾਜ ਸੇਵੀਆਂ ਅਤੇ ਪਿੰਡ ਟੀਰਾ ਵਿੱਚ ਬਿਰਧ ਆਸ਼ਰਮ ਚਲਾਉਣ ਵਾਲੇ ਸੇਵਾ-ਮੁਕਤ ਪੁਲਿਸ ਅਧਿਕਾਰੀ ਚੌਧਰੀ ਦੇਸ ਰਾਜ ਅਤੇ ਨਵ-ਨਿਯੁਕਤ ਪਾਰਟੀ ਵਰਕਰਾਂ ਨੂੰ ਵੀ ਪਾਰਟੀ ਵੱਲੋਂ ਸਨਮਾਨਿਤ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਕਰਦਿਆਂ, ਸ਼੍ਰੋਮਣੀ ਅਕਾਲੀ ਦਲ (ਬ) ਦੇ ਆਬਜ਼ਰਵਰ ਅਤੇ ਕੋਰ ਕਮੇਟੀ ਮੈਂਬਰ ਕਮਲ ਚੇਤਲੀ ਨੇ ਕਿਹਾ ਕਿ ਪੰਜਾਬ ਉਦੋਂ ਤੱਕ ਤਰੱਕੀ ਨਹੀਂ ਕਰ ਸਕਦਾ ਜਦੋਂ ਤੱਕ ਨਵੀਂ ਦਿੱਲੀ ਤੋਂ ਰਾਜ ਕਰਨ ਵਾਲਿਆਂ (ਕਾਂਗਰਸ, ਭਾਜਪਾ ਅਤੇ ਆਪ) ਨੂੰ ਨਹੀਂ ਹਟਾਇਆ ਜਾਂਦਾ। ਖੇਤਰੀ ਪਾਰਟੀ, ਸ਼੍ਰੋਮਣੀ ਅਕਾਲੀ ਦਲ (ਬ) ਨੂੰ ਮਜ਼ਬੂਤ ਕਰਨਾ ਸਮੇਂ ਦੀ ਲੋੜ ਹੈ ਤਾਂ ਜੋ ਸੂਬੇ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਜੇਕਰ ਫਰਵਰੀ 2027 ਦੀਆਂ ਚੋਣਾਂ ਵਿੱਚ ਦਿੱਲੀ ਤੋਂ ਰਾਜ ਕਰਨ ਵਾਲਿਆਂ ਨੂੰ ਨਹੀਂ ਹਟਾਇਆ ਜਾਂਦਾ, ਤਾਂ ਪੰਜਾਬ, ਜੋ ਕਦੇ ਸੂਬੇ ਦਾ ਮੋਹਰੀ ਸੀ, ਫਿਰ ਪਿੱਛੇ ਰਹਿ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਸ਼੍ਰੋਮਣੀ ਅਕਾਲੀ ਦਲ ਸੂਬੇ ਵਿੱਚ ਸੱਤਾ ਵਿੱਚ ਆਉਂਦਾ ਹੈ, ਤਾਂ ਡੇਅਰੀ ਉਦਯੋਗ, ਸਹਾਇਕ ਉਦਯੋਗ, ਬੇਰੁਜ਼ਗਾਰੀ ਦਾ ਢੁਕਵਾਂ



ਹੱਲ ਅਤੇ ਕਿਸਾਨਾਂ, ਮਜ਼ਦੂਰਾਂ, ਵਪਾਰੀਆਂ ਅਤੇ ਕਰਮਚਾਰੀਆਂ ਦੇ ਹਿੱਤਾਂ ਨੂੰ ਪਹਿਲ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਸ਼ੋਕ ਨਾਨੋਵਾਲ ਅਤੇ ਹੋਰ ਪਾਰਟੀ ਵਰਕਰ ਪਾਰਟੀ ਦੀ ਭਰੋਸੇਯੋਗਤਾ ਨੂੰ ਮਜ਼ਬੂਤ ਕਰਨ ਲਈ ਦਿਨ ਰਾਤ ਮਿਹਨਤ ਕਰ ਰਹੇ ਹਨ, ਅਤੇ ਸਾਨੂੰ ਉਨ੍ਹਾਂ ਦਾ ਸਮਰਥਨ ਕਰਨਾ ਚਾਹੀਦਾ ਹੈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਜਥੇਦਾਰ ਸੁਖਦੀਪ ਸਿੰਘ ਸ਼ੁਕਾਰ, ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਬੁਲਾਰੇ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਗੁਰਬਖਸ਼ ਸਿੰਘ ਖਾਲਸਾ ਅਤੇ ਐਡਵੋਕੇਟ ਚੌਧਰੀ ਆਰ.ਪੀ. ਸਿੰਘ ਅਤੇ ਅਸ਼ੋਕ ਨਾਨੋਵਾਲ ਨੇ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਪੰਜਾਬ ਦੀ ਖੁਸ਼ਹਾਲੀ ਅਤੇ ਪਾਰਟੀ ਦੀ ਮਜ਼ਬੂਤੀ ਲਈ ਏਕਤਾ ਦੀ ਅਪੀਲ ਕੀਤੀ। ਇਸ ਮੌਕੇ ਸਮਾਜ ਸੇਵਕ ਚੌਧਰੀ ਦੇਸਰਾਜ ਸਮੇਤ ਪ੍ਰਮੁੱਖ ਸ਼ਖਸੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਸਤਨਾਮ ਸਿੰਘ ਡੀ.ਐਸ.ਪੀ.(ਸੇਵਾਮੁਕਤ), ਯਾਦਵਿੰਦਰ ਸਿੰਘ ਯਾਦੀ, ਕੁਲਜੀਤ ਸਿੰਘ ਲੱਕੀ ਨਵਾਂਸ਼ਹਿਰ, ਹਰਪ੍ਰੀਤ ਸਿੰਘ ਖਾਰਾ, ਜਥੇਦਾਰ ਸਤਨਾਮ ਸਿੰਘ ਸਹੂੰਗੜਾ, ਅਸ਼ਵਨੀ ਕੁਮਾਰ ਬੱਗੂਵਾਲ, ਦੇਸ ਰਾਜ ਸਰਪੰਚ, ਸਰਬਜੀਤ ਪੰਮਾ ਭਾਨੂੰ, ਬਲਵੀਰ ਸਿੰਘ, ਅਵਤਾਰ ਸਿੰਘ ਦੋਵੇਂ ਸਾਬਕਾ ਸਰਪੰਚ, ਰਣਵੀਰ ਸਿੰਘ ਭਾਗੂਵਾਲ ਸਾਬਕਾ ਸਰਪੰਚ, ਬੀਰਦਵਿੰਦਰ ਸਿੰਘ ਭੜੂਵਾਲ ਆਦਿ ਹਾਜ਼ਰ ਸਨ ਛ ਪੇਲੀ, ਹਰਨੇਕ ਸਿੰਘ ਥਿਆੜਾ, ਜੋਗਿੰਦਰ ਸਿੰਘ ਅਟਵਾਲ, ਅਕਸ਼ੈ ਕੁਮਾਰ, ਸ਼ਾਮ ਲਾਲ ਦੋਵੇਂ ਸਾਬਕਾ ਸਰਪੰਚ, ਮੋਹਨ ਸਿੰਘ ਟੱਪਰੀਆਂ, ਅਜਮੇਰ ਸਿੰਘ ਭਾਰਾਪੁਰ, ਵਿਜੇ ਕੁਮਾਰ ਕੁੱਕੜਸੂਹਾ, ਦੇਸ ਰਾਜ, ਗੁਰਵਿੰਦਰ ਸਿੰਘ ਗਿਫ਼ਟੀ ਕਮੇਟੀ ਮੈਂਬਰ, ਮੋਹਨ ਲਾਲ ਐਫ.ਸੀ.ਆਈ., ਅਸ਼ੋਕ ਕੁਮਾਰ, ਦੀਵਾਨ ਚੰਦ ਦੀਪਾ ਠੇਕੇਦਾਰ, ਦੇਵ ਰਾਜ, ਦੀਪ ਰਿਆਤਪੁਰ ਜੱਟਾਂ, ਰਵੀ ਕੁਮਾਰ ਆਦੋਆਣਾ , ਦਿਲ-ਾਵਰ ਸਿੰਘ ਮੋਜੋਵਾਲ ਮਜ਼ਾਰਾ , ਨਰੇਸ਼ ਬਾਂਠ ਅਤੇ ਸ਼ਾਮ ਲਾਲ ਸ਼ਾਮਲ ਹਨ। ਚੌਧਰੀ ਅਸ਼ਵਨੀ ਬਾਗੂਵਾਲ ਦੇ ਗ੍ਰਹਿ ਪਿੰਡ ਬੱਗੂਵਾਲ ਵਿੱਚ ਸਮਾਜ ਸੇਵੀ ਦੇਸਰਾਜ ਦਾ ਸਨਮਾਨ ਕਰਦੇ ਹੋਏ ਕੋਰ ਕਮੇਟੀ ਮੈਂਬਰ ਕਮਲ ਚੇਤਲੀ, ਆਰਪੀ ਸਿੰਘ, ਅਸ਼ੋਕ ਨਾਨੋਵਾਲ, ਸੁਖਦੀਪ ਸ਼ੁਕਾਰ ਅਤੇ ਹਾਜ਼ਰ ਵੱਖ-ਵੱਖ ਪਿੰਡਾਂ ਦੇ ਵਰਕਰ।

# ਗਿਣ ਮਿਥ ਕੇ ਜੰਗਬੰਦੀ ਨੂੰ ਅਸਫ਼ਲ ਬਣਾਉਣ ਵਾਲੇ ਇਜ਼ਰਾਈਲ ਨਾਲੋਂ ਭਾਰਤ ਅਪਣੇ ਕੂਟਨੀਤਕ ਸਬੰਧ ਖ਼ਤਮ ਕਰੇ - ਲਿਬਰੇਸ਼ਨ

**ਮਾਨਸਾ, 10 ਅਪਰੈਲ (ਜਸਵੰਤ ਗਿੱਲ ਸਮਾਲਸਰ)** ਸੀਪੀਆਈ ਐਮ ਐਲ ਦਾ ਕਹਿਣਾ ਹੈ ਕਿ ਇਰਾਨ ਤੇ ਅਮਰੀਕਾ ਵਿਚਾਲੇ ਹੋਈ ਆਰਜ਼ੀ ਜੰਗਬੰਦੀ ਨੂੰ ਸਾਬੋਤਾਜ ਕਰਨ ਲਈ ਇਜ਼ਰਾਈਲ ਜਿਵੇਂ ਗਿਣੇ ਮਿਥੇ ਢੰਗ ਨਾਲ ਤਾਬੜਤੋੜ ਬੰਬਾਰੀ ਕਰਕੇ ਲਿਬਨਾਨ ਦੀ ਆਮ ਬੇਕਸੂਰ ਜਨਤਾ ਦਾ ਘਾਣ ਕਰ ਰਿਹਾ ਹੈ, ਉਸ ਦਾ ਸੰਸਾਰ ਭਰ ਵਿੱਚ ਜ਼ੋਰਦਾਰ ਵਿਰੋਧ ਹੋਣਾ ਚਾਹੀਦਾ ਹੈ ਅਤੇ ਇਸ ਦੇ ਵਿਰੋਧ ਵਿੱਚ ਭਾਰਤ ਸਰਕਾਰ ਨੂੰ ਇਜ਼ਰਾਈਲ ਤੋਂ ਅਪਣੇ ਰਾਜਦੂਤ ਨੂੰ ਵਾਪਸ ਬੁਲਾ ਲੈਣਾ ਚਾਹੀਦਾ ਹੈ। ਲਿਬਰੇਸ਼ਨ ਪਾਰਟੀ ਦੀ ਪੰਜਾਬ ਇਕਾਈ ਦੇ ਬੁਲਾਰੇ ਵਲੋਂ ਇਥੋਂ ਜਾਰੀ ਇਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਦਰਅਸਲ ਨੇਤਨਯਾਹੂ ਇਕ ਸ਼ੈਤਾਨ ਹੈ, ਜੋ ਅਪਣੇ ਭ੍ਰਿਸ਼ਟਾਚਾਰ ਤੇ ਗੁਨਾਹਾਂ ਨੂੰ ਢੱਕਣ ਲਈ ਇਹ ਜੰਗ ਖ਼ਤਮ ਨਹੀਂ ਹੋਣ ਦੇਣਾ ਚਾਹੁੰਦਾ। ਜਿਥੇ ਉਸ ਨੂੰ ਇੰਟਰਨੈਸ਼ਨਲ ਕੋਰਟ ਆਫ਼ ਜਸਟਿਸ ਵਲੋਂ ਗਾਜ਼ਾ ਪੱਟੀ ਵਿਚ ਹਜ਼ਾਰਾਂ ਬੇਕਸੂਰ ਲੋਕਾਂ ਨੂੰ ਕਤਲ ਕਰਵਾਉਣ ਬਦਲੇ ਜੰਗੀ ਅਪਰਾਧਾਂ ਲਈ ਦੋਸ਼ੀ ਠਹਿਰਾਇਆ ਜਾ ਚੁੱਕਾ ਹੈ, ਉਥੇ ਉਸ ਖਿਲਾਫ ਖੁਦ ਇਜ਼ਰਾਈਲ ਵਿੱਚ ਵੀ ਭ੍ਰਿਸ਼ਟਾਚਾਰ ਤੇ ਧੋਖਾਧੜੀ ਦੇ ਦੋਸ਼ਾਂ ਵਿੱਚ ਮੁਕੱਦਮਾ ਚੱਲ ਰਿਹਾ ਹੈ ਅਤੇ ਜੰਗ ਖ਼ਤਮ ਹੋਣ ਜਾਂ ਪ੍ਰਧਾਨ ਮੰਤਰੀ ਨਾ ਰਹਿਣ ਦੀ ਸੂਰਤ ਵਿੱਚ ਉਸ ਨੂੰ ਲਾਜ਼ਮੀ ਸਖ਼ਤ ਸਜ਼ਾ ਦਾ ਸਾਹਮਣਾ ਕਰਨਾ ਪੈਣਾ ਹੈ। ਇਸੇ ਲਈ ਅਪਣੇ ਖ਼ਿਲਾਫ਼ ਫੈਸਲੇ ਨੂੰ ਲਗਾਤਾਰ ਟਾਲਣ ਲਈ ਉਹ ਨਹੀਂ ਚਾਹੁੰਦਾ ਕਿ ਜੰਗ ਖ਼ਤਮ ਹੋ ਜਾਵੇ। ਹਾਲਾਂਕਿ ਇਹ ਜੰਗ ਸਿੱਧੇ ਜਾਂ ਅਸਿੱਧੇ ਤੌਰ 'ਤੇ ਪੂਰੀ ਦੁਨੀਆਂ ਦੀ ਜਨਤਾ ਲਈ ਗੰਭੀਰ ਸਮਸਿਆਵਾਂ ਪੈਦਾ ਕਰ ਰਹੀ ਹੈ। ਤੇਲ ਤੇ ਗੈਸ ਵਰਗੇ ਕੁਦਰਤੀ ਸਰੋਤਾਂ ਦੀ ਭਾਰੀ ਤਬਾਹੀ, ਵਾਤਾਵਰਨ ਦਾ ਵਿਨਾਸ਼, ਰੁਜ਼ਗਾਰ ਅਤੇ ਵਪਾਰ ਕਾਰੋਬਾਰ ਨੂੰ ਠੱਪ ਕਰਨ ਦੇ ਰੂਪ ਵਿੱਚ ਜੋ ਭਾਰੀ ਨੁਕਸਾਨ ਹੋ ਰਿਹਾ ਹੈ ਉਸ ਦੇ ਮਾੜੇ ਅਸਰਾਂ ਨੂੰ ਦੂਰ ਕਰਨ ਲਈ ਦਹਾਕੇ ਲੱਗ ਜਾਣਗੇ। ਇਸ ਲਈ ਸੰਸਾਰ ਦੀ ਜਨਤਾ ਅਤੇ ਸਰਕਾਰਾਂ ਨੂੰ ਨੇਤਨਯਾਹੂ ਅਤੇ ਟਰੰਪ ਵਰਗੇ ਅਪਰਾਧੀ ਬਿਰਤੀ ਵਾਲੇ ਹੁਕਮਰਾਨਾਂ ਦਾ ਹਰ ਸੰਭਵ ਢੰਗ ਨਾਲ ਜ਼ੋਰਦਾਰ ਵਿਰੋਧ ਕਰਨਾ ਚਾਹੀਦਾ ਹੈ। ਇਰਾਨ ਉਤੇ ਸਿਰਫ਼ ਉਸ ਦੇ ਤੇਲ ਭੰਡਾਰਾਂ ਨੂੰ ਲੁੱਟਣ ਲਈ ਅਮਰੀਕਾ ਇਜ਼ਰਾਈਲ ਵਲੋਂ ਕੀਤੇ ਇਕਪਾਸੜ ਹਮਲਾ ਦੇ ਵਿਰੋਧ ਵਿੱਚ ਭਾਰਤ ਜੋ ਗੁੱਟ ਨਿਰਲੇਪ ਲਹਿਰ ਦਾ ਮੋਹਰੀ ਰਿਹਾ ਹੈ, ਉਸ ਨੂੰ ਲਾਜ਼ਮੀ ਹੀ ਇਜ਼ਰਾਈਲ ਨਾਲ ਅਪਣੇ ਕੂਟਨੀਤਕ ਸਬੰਧ ਤੋੜ ਲੈਣੇ ਚਾਹੀਦੇ ਹਨ।

# ਸਾਹਿਤ ਸਭਾ ਨੇ ਕਰਵਾਇਆ ਜਰਨੈਲ ਸਿੰਘ ਕਨੇਡਾ ਦੀ ਕਹਾਣੀ ਸਿਰਜਣ ਪ੍ਰਕਿਰਿਆ 'ਤੇ ਸਮਾਗਮ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਨੇ ਸਥਾਨਕ ਜ਼ਿਲ੍ਹਾ ਭਾਸ਼ਾ ਦਫਤਰ ਦੇ ਸਹਿਯੋਗ ਨਾਲ ਡਿਜੀਟਲ ਲਾਇਬ੍ਰੇਰੀ ਹੁਸ਼ਿਆਰਪੁਰ ਵਿਖੇ ਜਰਨੈਲ ਸਿੰਘ ਕਨੇਡਾ ਦੀ ਕਹਾਣੀ "ਸਿਰਜਣ ਪ੍ਰਕਿਰਿਆ" 'ਤੇ 'ਸ਼ਾਇਰ ਸੁਰਿੰਦਰ ਕੰਗਵੀ' ਦੀ ਪ੍ਰਧਾਨਗੀ ਹੇਠ ਸਮਾਗਮ ਕਰਵਾਇਆ ਗਿਆ । ਆਏ ਹੋਏ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਲਈ ਜੀ ਆਇਆਂ ਸ਼ਬਦ ਆਖਦਿਆਂ ਡਾ. ਜਸਵੰਤ ਰਾਏ ਖੋਜ ਅਫ਼ਸਰ ਨੇ ਡਾ. ਰਣਜੀਤ ਸਿੰਘ ਬਾਜਵਾ ਲੋਕਧਾਰਾ ਵਿਗਿਆਨੀ, ਤ੍ਰਿਪਤਾ ਕੇ ਸਿੰਘ ਦੇ ਜੇਠ ਸ. ਗੁਰਚਰਨ ਸਿੰਘ ਅਤੇ ਵੱਡੇ ਜੇਠ ਦੇ ਸਪੁਤਰ ਸੁਖਵਿੰਦਰ ਸਿੰਘ ਹੁਰਾਂ ਦੇ ਸਦੀਵੀ ਵਿਛੋੜੇ 'ਤੇ ਸ਼ੋਕ ਮਤਾ ਪੜ੍ਹਿਆ ਅਤੇ ਮੈਂਬਰਾਂ ਨੇ ਵਿਛੜੀਆਂ ਰੂਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਸੰਵੇਦਨਾ ਪ੍ਰਗਟ ਕੀਤੀ। ਉਪਰੰਤ ਕਹਾਣੀਕਾਰ ਜਰਨੈਲ ਸਿੰਘ ਦੇ ਜੀਵਨ ਅਤੇ ਲਿਖਤਾਂ ਨਾਲ ਤੁਆਰਫ਼ ਕਰਾਉਂਦਿਆਂ ਕਿਹਾ ਕਿ ਆਮ ਪਰਿਵਾਰ 'ਚੋਂ ਉੱਠੇ ਜਰਨੈਲ ਸਿੰਘ ਨੂੰ ਪੜ੍ਹਨ ਤੇ ਕਿਤਾਬਾਂ ਨਾਲ ਮੁਹੱਬਤ ਕਰਨ ਦੀ ਖਿਚ ਲੇਖਕ ਬਣਨ ਵਿੱਚ ਸਹਾਈ ਹੋਈ। ਛੇ ਮੌਲਿਕ ਤੇ ਇੱਕ ਸੰਪਾਦਿਤ ਕਹਾਣੀ ਸੰਗ੍ਰਹਿਆਂ ਤੋਂ ਇਲਾਵਾ ਇਨ੍ਹਾਂ ਦੀ ਕਲਮ ਸਵੈਜੀਵਨੀ ਵੀ ਲਿਖ ਚੁੱਕੀ ਹੈ। ਭਾਸ਼ਾ ਵਿਭਾਗ ਦੇ ਸ਼ਰੋਮਣੀ ਪਰਵਾਸੀ ਸਾਹਿਤਕਾਰ ਪੁਰਸਕਾਰ 2011, ਕਾਲੇ ਵਰਕੇ ਕਹਾਣੀ ਸੰਗ੍ਰਹਿ ਬਦਲੇ 25000



ਡਾਲਰ ਦਾ ਢਾਹਾਂ ਅਵਾਰਡ ਤੋਂ ਇਲਾਵਾ ਹੋਰ ਵੀ ਅਨੇਕਾਂ ਸਨਮਾਨ ਉਨ੍ਹਾਂ ਦੀ ਝੋਲੀ ਪਏ ਹਨ। ਜਰਨੈਲ ਸਿੰਘ ਨੇ ਆਪਣੇ ਜੀਵਨ ਅਤੇ ਪੜ੍ਹਾਈ ਬਾਰੇ ਗੱਲ ਕਰਦਿਆਂ ਕਿਹਾ ਕਿ ਮੇਰੇ ਪਹਿਲੇ ਤਿੰਨ ਕਹਾਣੀ ਸੰਗ੍ਰਹਿਆਂ ਵਿੱਚ ਕਿਸਾਨੀ ਤੇ ਫੌਜੀ ਜੀਵਨ ਦੇ ਨਾਲ ਨਾਲ ਰਿਸ਼ਤਿਆਂ ਦੀ ਟੁੱਟ ਭੱਜ ਅਤੇ ਬਾਅਦ ਦੀਆਂ ਕਹਾਣੀਆਂ ਵਿੱਚ ਕਨੇਡਾ ਵਸਦੇ ਪੰਜਾਬੀਆਂ ਦੀਆਂ ਤਕਲੀਫ਼ਾਂ, ਪੀੜ੍ਹੀ ਪਾੜੇ, ਸਭਿਆਚਾਰਕ ਤਣਾਓ, ਟਕਰਾਓ ਦਾ ਗਲਪੀਕਰਨ ਮਿਲਦਾ ਹੈ। ਕਹਾਣੀ ਲਈ ਮੈਂ ਪਹਿਲਾਂ ਕੋਈ ਅਧਾਰ ਲੱਭਦਾ ਹਾਂ, ਫਿਰ ਇਸ ਸਬੰਧੀ ਖੋਜ ਵਿਧੀ ਰਾਹੀਂ ਮਸਾਲਾ ਇਕੱਠਾ ਕਰਦਾ ਹਾਂ ਅਤੇ ਬਾਅਦ ਵਿੱਚ ਆਪਣੀ ਕਲਪਨਾ ਉਡਾਰੀ ਰਾਹੀਂ ਇਸਨੂੰ ਕਹਾਣੀ ਦਾ ਰੂਪ ਦਿੰਦਾ ਹਾਂ। ਮੈਂ ਗਿਣਾਤਮਕ ਨਾਲੋਂ ਗੁਣਾਤਮਕ ਵਿੱਚ ਵੱਧ ਵਿਸ਼ਵਾਸ ਕਰਦਾ ਹਾਂ। ਇੱਕ ਕਹਾਣੀ ਦਾ ਪਲਾਟ ਮਹੀਨਿਆਂ ਬੱਧੀ ਮੇਰੇ ਮਨ ਮਸਤਕ ਵਿੱਚ ਸਫ਼ਰ ਕਰਦਾ ਹੈ। ਉਠਦੇ ਬੈਠਦੇ, ਸੈਰ ਕਰਦੇ, ਖਾਣਾ ਖਾਂਦੇ ਹਰ ਵਖ਼ਤ ਕਹਾਣੀ ਮੇਰੇ ਨਾਲ ਨਾਲ ਯਾਤਰਾ ਕਰ ਰਹੀ ਹੁੰਦੀ ਹੈ। ਉਨ੍ਹਾਂ ਨੇ ਆਪਣੀਆਂ ਕਾਲੇ ਵਰਕੇ, ਟਾਵਰਜ਼, ਪੱਤਿਆਂ ਨਾਲ ਢਕੇ ਜਿਸਮ ਜਿਹੀਆਂ ਪ੍ਰਸਿੱਧ ਕਹਾਣੀਆਂ ਦੀ ਜਿਰਜਣ ਪ੍ਰਕਿਰਿਆ ਬਾਰੇ ਲੰਬੇ ਬਿਰਤਾਂਤ ਸਾਂਝੇ ਕੀਤੇ। ਉਪਰੰਤ ਡਾ. ਕਰਮਜੀਤ ਸਿੰਘ, ਡਾ. ਸ਼ਮਸ਼ੇਰ ਮੋਹੀ, ਡਾ. ਹਰਪ੍ਰੀਤ ਸਿੰਘ, ਡਾ. ਦਰਸ਼ਨ ਸਿੰਘ, ਕੁਲਤਾਰ ਸਿੰਘ ਕੁਲਤਾਰ, ਸਤੀਸ਼ ਕੁਮਾਰ, ਡਾ. ਕੁਲਦੀਪ ਸਿੰਘ ਵੱਲੋਂ ਪੁੱਛੇ ਗਏ ਸਵਾਲਾਂ ਦੇ ਬੜੇ ਪ੍ਰਭਾਸ਼ਾਲੀ ਤੇ ਸੰਜੀਦਗੀ ਨਾਲ ਜਵਾਬ ਦਿੱਤੇ। ਇਸ ਤੋਂ ਬਾਅਦ ਕਰਵਾਏ ਗਏ ਕਵੀ ਦਰਬਾਰ ਵਿੱਚ ਹਾਜ਼ਰ ਕਵੀਆਂ ਮਦਨ ਵੀਰਾ, ਤੀਰਥ ਚੰਦ ਸਰੋਆ, ਜਸਵੰਤ ਸਿੰਘ, ਹਰਦਿਆਲ ਹੁਸ਼ਿਆਰਪੁਰੀ, ਰਜਿੰਦਰ ਸਚਦੇਵਾ, ਅਸ਼ੋਕ ਪੁਰੀ, ਰਾਜ ਕੁਮਾਰ ਘਾਸੀਪੁਰੀਆ, ਰਬਿੰਦਰ ਸ਼ਰਮਾ, ਰਵੀ ਸਿੰਘ, ਲਖਵਿੰਦਰ ਰਾਮ, ਸ਼ਸ਼ੀ ਕੁਮਾਰ, ਜਗਮੋਹਨ ਸਿੰਘ, ਕਰਮਜੀਤ ਸਿੰਘ, ਹਰਜੀਤ ਸਿੰਘ ਨੇ ਆਪਣੀਆਂ ਸੱਜਰੀਆਂ ਰਚਨਾਵਾਂ ਨਾਲ ਹਾਜ਼ਰੀ ਲੁਆ ਕੇ ਸਮਾਗਮ ਨੂੰ ਚਰਮ ਸੀਮਾ 'ਤੇ ਪਹੁੰਚਾ ਦਿੱਤਾ। ਧੰਨਵਾਦੀ ਸ਼ਬਦ ਪ੍ਰਧਾਨ ਸੁਰਿੰਦਰ ਕੰਗਵੀ ਨੇ ਆਪਣੀਆਂ ਸਾਹਿਤਕ ਟਿੱਪਣੀਆਂ ਰਾਹੀਂ ਭਾਵਪੂਰਤ ਢੰਗ ਨਾਲ ਆਖੇ। ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਬਾਖ਼ੂਬੀ ਨਿਭਾਈ।

# ਆਟੋ ਵਰਕਰ ਯੂਨੀਅਨ ਨੇ ਦਿੱਤੀ ਸੰਘਰਸ਼ ਦੀ ਚੇਤਾਵਨੀ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਨਿਊ ਆਟੋ ਵਰਕਰ ਯੂਨੀਅਨ ਜਿਲਾ ਸ਼ਹੀਦ ਭਗਤ ਸਿੰਘ ਨਗਰ ਨੇ ਨਵਾਂਸ਼ਹਿਰ ਵਿਖੇ ਜਿਲਾ ਪੱਧਰੀ ਮੀਟਿੰਗ ਕਰਕੇ ਆਪਣੇ ਰੁਜ਼ਗਾਰ ਦੀ ਰੱਖਿਆ ਲਈ ਤਿੱਖੇ ਸੰਘਰਸ਼ ਕਰਨ ਦਾ ਫੈਸਲਾ ਕੀਤਾ ਹੈ।ਮੀਟਿੰਗ ਉਪਰੰਤ ਜਾਣਕਾਰੀ ਦਿੰਦਿਆਂ ਯੂਨੀਅਨ ਦੇ ਜਿਲਾ ਪ੍ਰਧਾਨ ਪੁਨੀਤ ਕੁਮਾਰ ਕਲੇਰ ਨੇ ਆਖਿਆ ਕਿ ਆਰ ਟੀ ਓ ਦਫਤਰ ਨਵਾਂਸ਼ਹਿਰ ਉਹਨਾਂ ਦੇ ਆਟੋ ਚਲਾਣ ਕਰਕੇ ਬੰਦ ਕਰਨ ਦੀਆਂ ਗੋਂਦਾਂ ਗੁੰਦ ਰਿਹਾ ਹੈ ਜਿਸਨੂੰ ਸਹਿਣ ਨਹੀਂ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਉਹ ਆਪਣੇ ਆਟੋ ਚਲਾਕੇ ਆਪਣਾ ਆਪਣੇ ਪਰਿਵਾਰ ਦਾ ਪੇਟ ਪਾਲ ਰਹੇ ਹਨ।ਜੇਕਰ ਕਿਸੇ ਬਹਾਨੇ ਉਹਨਾਂ ਦੇ ਰੁਜ਼ਗਾਰ ਉੱਤੇ ਸੱਤ ਮਾਰੀ ਜਾਂਦੀ ਹੈ ਤਾਂ ਉਹ ਚੁੱਪ ਕਰਕੇ ਨਹੀਂ ਬੈਠਣਗੇ ਅਤੇ ਆਪਣੇ ਪਰਿਵਾਰਾਂ ਸਮੇਤ ਸੰਘਰਸ਼ ਦਾ ਪਿੜ ਮੱਲਣਗੇ।ਇਸ ਮੌਕੇ ਤਰਨਦੀਪ, ਦੇਸ ਰਾਜ, ਪਰਦੀਪ, ਰਾਜੇਸ਼ ਵੀ ਮੌਜੂਦ ਸਨ।

# ਸਿਟੀ ਕਲੱਬ ਗੋਰਾਇਆ ਵਲੋਂ ਪੰਜਵਾਂ ਫੁੱਟਬਾਲ ਟੂਰਨਾਮੈਂਟ ਅੱਜ ਤੋਂ ਸ਼ੁਰੂ

**ਫਿਲੌਰ/ਅੱਪਰਾ, 10 ਅਪ੍ਰੈਲ (ਦੀਪਾ)**-ਸਿਟੀ ਕਲੱਬ ਗੋਰਾਇਆ ਵਲੋਂ ਪੰਜਵਾਂ ਫੁੱਟਬਾਲ ਟੂਰਨਾਮੈਂਟ ਦੇ ਨਿਊ ਗੋਰਾਇਆ ਸਿਟੀ ਫੁੱਟਬਾਲ ਕਲੱਬ ਗੋਰਾਇਆ ਵਲੋਂ ਅੱਜ ਮਿਤੀ 11 ਤੇ 12 ਅਪ੍ਰੈਲ ਦਿਨ ਸ਼ਨੀਵਾਰ ਤੇ ਐਤਵਾਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਲਾਈਆਂ (ਨੇੜੇ ਮਾਹਲ ਗੇਟ) ਵਿਖੇ ਕਰਵਾਇਆ ਜਾ ਰਿਹਾ ਹੈ। ਜੈਤੂ ਟੀਮ ਨੂੰ 15 ਹਜ਼ਾਰ ਰੁਪਏ ਤੇ ਉਪ ਜੇਤੂ ਟੀਮ ਨੂੰ 11 ਹਜ਼ਾਰ ਰੁਪਏ ਦੇ ਨਕਦ ਇਨਾਮ ਨਾਲ ਸਨਮਾਨਿਤ ਕੀਤਾ ਜਾਵੇਗਾ। ਇਨਾਮਾਂ ਦੀ ਵੰਡ ਮਿਤੀ 12 ਅਪ੍ਰੈਲ ਦਿਨ ਐਤਵਾਰ ਨੂੰ ਸ਼ਾਮ 5 ਵਜੇ ਕੀਤੀ ਜਾਵੇਗੀ।




# ਸ੍ਰੀ ਗੁਰੂ ਰਵਿਦਾਸ ਇਤਿਹਾਸਿਕ ਧਰਮ ਅਸਥਾਨ ਬੇਗਮਪੁਰਾ ਸ਼੍ਰੀ ਖੁਰਾਲਗੜ੍ਹ ਸਾਹਿਬ ਵਿਖੇ 12 ਤੋਂ 14 ਅਪ੍ਰੈਲ ਤੱਕ ਮਨਾਏ ਜਾਣ ਵਾਲੇ ਸਮਾਗਮ ਦੀਆ ਤਿਆਰੀਆ ਮੁਕੰਮਲ : ਸੰਤ ਸਤਵਿੰਦਰ ਹੀਰਾ

**ਹੁਸ਼ਿਆਰਪੁਰ / ਸ਼੍ਰੀ ਖੁਰਾਲਗੜ੍ਹ ਸਾਹਿਬ 10 ਅਪ੍ਰੈਲ ( ਤਰਸੇਮ ਦੀਵਾਨਾ )** - ਸ੍ਰੀ ਗੁਰੂ ਰਵਿਦਾਸ ਧਰਮ ਅਸਥਾਨ ਬੇਗਮਪੁਰਾ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਰਜਿ.ਦੇ ਰਾਸ਼ਟਰੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਜੀ ਦੀ ਯੋਗ ਅਗਵਾਈ ਵਿੱਚ 12 ਅਪ੍ਰੈਲ ਤੋਂ ਲੈਕੇ 14 ਅਪ੍ਰੈਲ ਤੱਕ ਮਨਾਏ ਜਾ ਰਹੇ ਵੱਖ-ਵੱਖ ਇਤਿਹ-ਾਸਕ ਦਿਹਾੜਿਆ ਦੀਆ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ ! ਇਸ ਸਬੰਧੀ ਆਲ ਇੰਡੀਆ ਆਦਿ ਧਰਮ ਮਿਸ਼ਨ ਰਜਿ. ਭਾਰਤ ਦੇ ਰਾਸ਼ਟਰੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਜੀ ਨੇ ਕਿਹਾ ਕਿ ਇਸ ਵਾਰ ਭਾਰਤ ਦੀਆਂ ਵੱਖ-ਵੱਖ ਸਟੇਟਾਂ ਤੋਂ ਇਲਾਵਾ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਪਹੁੰਚਣਗੀਆਂ ! ਉਹਨਾਂ ਦੱਸਿਆ ਕਿ ਇਸ ਤਿੰਨ ਰੋਜ਼ਾ ਜੋੜ ਮੇਲੇ ਦੌਰਾਨ ਮਹਾਨ ਦਿਹਾੜੇ ਪ੍ਰਗਟ ਧਾਰਾ ਦਿਵਸ, ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦਾ ਜਨਮ ਦਿਨ, ਵਿਸਾਖੀ ਅਤੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦਾ ਜਨਮ ਦਿਨ ਵਰਨਣ ਯੋਗ ਹਨ

ਉਹਨਾ ਕਿਹਾ ਕਿ ਸੰਵਿਧਾਨ ਨਿਰਮਾਤਾ ਅਤੇ ਦਲਿਤਾਂ ਦੇ ਮਸੀਹਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦਾ ਜਨਮ ਦਿਨ (14 ਅਪ੍ਰੈਲ) ਨੂੰ ਵਿਸ਼ੇਸ਼ ਤੌਰ 'ਤੇ ਮਨਾਇਆ ਜਾਵੇਗਾ। ਉਹਨਾਂ ਕਿਹਾ ਕਿ ਵਿਸਾਖੀ ਦਾ ਦਿਹਾੜਾ ਖਾਲਸਾ ਸਿਰਜਣਾ ਦਿਵਸ ਅਤੇ ਕਣਕ



ਦੀ ਵਾਢੀ ਦੀ ਖੁਸ਼ੀ ਵਿੱਚ ਵਿਸਾਖੀ ਦਾ ਤਿਉਹਾਰ ਧਾਰਮਿਕ ਰੀਤਾਂ ਅਨੁਸਾਰ ਮਨਾਇਆ ਜਾਵੇਗਾ।

ਸਮਾਗਮ ਦੀ ਤਿਆਰੀਆਂ ਬਾਰੇ ਜਾਣਕਾਰੀ ਦਿੰਦਿਆਂ ਸੰਤ ਸਤਵਿੰਦਰ ਹੀਰਾ ਜੀ ਨੇ ਦੱਸਿਆ ਕਿ ਇਹ ਸਮਾਗਮ ਸਮਾਜ ਦੀ ਚੜ੍ਹਦੀ ਕਲਾ ਅਤੇ ਭਾਈਚਾਰਕ ਸਾਂਝ ਦਾ ਪ੍ਰਤੀਕ ਹੋਣਗੇ। ਉਨ੍ਹਾਂ ਸਮੂਹ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਨੂੰ ਅਪੀਲ ਕੀਤੀ ਕਿ ਇਨ੍ਹਾਂ ਦਿਨਾਂ ਵਿੱਚ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ। ਉਹਨਾ ਕਿਹਾ ਕਿ ਸੰਗਤਾਂ ਲਈ ਤਿੰਨੇ ਦਿਨ ਅਤੁੱਟ ਲੰਗਰ, ਪੀਣ ਵਾਲੇ ਸਾਫ਼ ਪਾਣੀ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਧਾਰਮਿਕ ਦੀਵਾਨਾਂ ਵਿੱਚ ਪ੍ਰਸਿੱਧ ਰਾਗੀ, ਢਾਡੀ ਅਤੇ ਪ੍ਰਚਾਰਕ ਸੰਗਤਾਂ ਨੂੰ ਗੁਰੂ ਇਤਿਹਾਸ ਅਤੇ ਰਹਿਬਰਾਂ ਦੀ ਜੀਵਨੀ ਨਾਲ ਜੋੜਨਗੇ। ਅੰਤ ਵਿੱਚ ਸੰਤ ਸਤਵਿੰਦਰ ਹੀਰਾ ਜੀ ਨੇ ਦੱਸਿਆ ਕਿ ਪੰਜਾਬ ਤੋਂ ਇਲਾਵਾ ਭਾਰਤ ਦੀਆਂ ਵੱਖ ਵੱਖ ਸਟੇਟਾਂ ਤੋਂ ਸੰਤ ਮਹਾਂਪੁਰਸ਼ ਵੱਡੀ ਗਿਣਤੀ ਵਿੱਚ ਪਹੁੰਚ ਕੇ ਸੰਗਤਾਂ ਨੂੰ ਆਪਣੇ ਪ੍ਰਵਚਨਾਂ ਰਾਹੀਂ ਨਿਹਾਲ ਕਰਨਗੇ ।

# ਐਚ.ਡੀ.ਸੀ.ਏ.ਦੀ ਸੁਰਭੀ ਦੀ ਬੀ.ਸੀ.ਸੀ.ਆਈ. ਦੇ ਐਨ.ਸੀ.ਏ.ਦੇ ਕੈਂਪ ਵਿੱਚ ਹੋਈ ਚੋਣ ਨਾਲ ਹੁਸ਼ਿਆਰਪੁਰ ਦੀ ਕ੍ਰਿਕਟ ਛੂਹੇਗੀ ਨਵੀਂਆ ਬੁਲੰਦੀਆਂ : ਡਾ. ਰਮਨ ਘਈ

**ਹੁਸ਼ਿਆਰਪੁਰ 10 ਅਪ੍ਰੈਲ (ਤਰਸੇਮ ਦੀਵਾਨਾ)** - ਹੁਸ਼ਿਆਰਪੁਰ ਐਚ.ਡੀ.ਸੀ.ਏ. ਸੈਂਟਰ ਦੀ ਹੋਣਹਾਰ ਮਹਿਲਾ ਕ੍ਰਿਕਟਰ ਅਤੇ ਵੁਡਲੈਂਡ ਸਕੂਲ ਦੀ ਵਿਦਿਆਰਥਣ ਸੁਰਭੀ ਦੇ ਬੀ.ਸੀ.ਸੀ.ਆਈ. ਦੁਆਰਾ ਲਗਾਏ ਜਾਣ ਵਾਲੇ ਐਨ.ਸੀ.ਏ. ਰਾਸ਼ਟਰੀ ਕੈਂਪ ਵਿੱਚ ਹੋਈ ਚੋਣ ਨਾਲ ਸਮੂਹ ਹੁਸ਼ਿਆਰਪੁਰ ਜ਼ਿਲ੍ਹੇ ਦੇ ਸਾਰੇ ਕ੍ਰਿਕਟ ਖਿਡਾਰੀਆਂ ਵਿੱਚ ਭਾਰੀ ਉਤਸ਼ਾਹ ਹੈ। ਡਾ. ਘਈ ਨੇ ਦੱਸਿਆ ਕਿ ਸੁਰਭੀ ਦੇ ਇਸ ਰਾਸ਼ਟਰੀ ਪੱਧਰੀ ਕੈਂਪ ਵਿੱਚ ਚੋਣ ਨਾਲ ਹੁਸ਼ਿਆਰਪੁਰ ਦੀ ਕ੍ਰਿਕਟ ਨਵੀਂ ਬੁਲੰਦੀਆਂ ਨੂੰ ਛੂਹੇਗੀ। ਉਨ੍ਹਾਂ ਨੇ ਦੱਸਿਆ ਕਿ ਬੀ.ਸੀ.ਸੀ.ਆਈ. ਦੁਆਰਾ ਰਾਸ਼ਟਰੀ ਕ੍ਰਿਕਟ ਅਕੈਡਮੀ ਬੈਂਗਲੁਰੂ ਵਿੱਚ ਲਗਾਏ ਜਾਣ ਵਾਲੇ ਇਸ ਇੱਕ ਮਹੀਨੇ ਦੇ ਕੈਂਪ ਵਿੱਚ ਸੁਰਭੀ ਦੇ ਨਾਲ ਹੋਰ ਚੁਣੇ ਗਏ ਖਿਡਾਰੀਆਂ ਨੂੰ ਰਾਸ਼ਟਰੀ ਕੋਚ ਕ੍ਰਿਕਟ ਦੀਆਂ ਬਾਰੀਕੀਆਂ ਸਿਖਾਉਣਗੇ। ਡਾ. ਘਈ ਨੇ ਕਿਹਾ ਕਿ ਸੁਰਭੀ ਦੇ ਐਨ.ਸੀ.ਏ. ਕੈਂਪ ਵਿੱਚ ਚੋਣ ਨਾਲ ਹੁਸ਼ਿਆਰਪੁਰ ਦੇ ਮਹਿਲਾ ਕ੍ਰਿਕਟ ਖਿਡਾਰੀਆਂ ਅਤੇ ਹੋਰ ਖਿਡਾਰੀਆਂ ਨੂੰ ਵੀ ਮਿਹਨਤ ਨਾਲ ਅੱਗੇ ਆਉਣ ਲਈ ਪ੍ਰੇਰਨਾ



ਮਿਲੇਗੀ। ਉਨ੍ਹਾਂ ਨੇ ਦੱਸਿਆ ਕਿ ਅੰਡਰ-19 ਵਰਗ ਵਿੱਚ ਸੁਰਭੀ ਦੇ ਨਾਲ ਪੰਜਾਬ ਦੀ ਹਰਸਿਮਰਨਜੀਤ ਕੌਰ ਅਤੇ ਪਨਮੀਤ ਕੌਰ ਬਿੰਦਰਾ ਦਾ ਵੀ ਇਸ ਐਨ.ਸੀ.ਏ. ਕੈਂਪ ਵਿੱਚ ਚੋਣ ਹੋਣਾ ਸਮੂਹ ਪੰਜਾਬ ਲਈ ਵੱਡੀ ਗੱਲ ਹੈ। ਐਚ.ਡੀ.ਸੀ.ਏ. ਵੱਲੋਂ ਸੁਰਭੀ ਦੇ ਇਸ ਚੋਣ 'ਤੇ ਪ੍ਰਧਾਨ ਡਾ. ਦਲਜੀਤ ਖੇਲਾ ਅਤੇ ਸਕੱਤਰ ਡਾ. ਰਮਨ ਘਈ ਦੁਆਰਾ ਐਸੋਸੀਏਸ਼ਨ ਅਤੇ ਸੁਰਭੀ ਦੀ ਕੋਚ ਦਵਿੰਦਰ ਕੌਰ ਕਲਿਆਣ, ਸਹਾਇਕ ਕੋਚ ਨਿਕਿਤਾ ਕੁਮਾਰੀ, ਟ੍ਰੇਨਰ ਕੁਲਦੀਪ ਧਾਮੀ, ਜ਼ਿਲ੍ਹਾ ਕੋਚ ਦਲਜੀਤ ਸਿੰਘ, ਸਹਾਇਕ ਕੋਚ ਪੰਕਜ ਪਿੰਕਾ, ਦਲਜੀਤ ਧੀਮਾਨ, ਪ੍ਰਵੀਨ ਕੁਮਾਰ, ਦਿਨੇਸ਼ ਸ਼ਰਮਾ ਨੇ ਸੁਰਭੀ ਨੂੰ ਉਸਦੀ ਪ੍ਰਾਪਤੀ ਅਤੇ ਉੱਜਵਲ ਭਵਿੱਖ ਲਈ ਆਪਣੀਆਂ ਸ਼ੁਭਕਾਮਨਾਵਾਂ ਦਿੰਦੇ ਹੋਏ ਸਨਮਾਨਿਤ ਕੀਤਾ।

**ਫੋਟੋ ਅਜਮੇਰ ਦੀਵਾਨਾ**

## ਬਾਜਾਂ ਵਰਗੀਆਂ ਕੁੜੀਆਂ




ਹੋਈਆਂ ਪੜ੍ਹਨ ਲਿਖਣ ਵਿੱਚ ਅੱਗੇ ,
ਤਾਂ ਹੀ ਪਿਆਰੀਆਂ ਜਾਂਦੀਆਂ ਨੇ ।
ਬਾਕੀ ਖੇਤਰਾਂ ਵਿੱਚ ਵੀ ਚੰਗੀਆਂ ,
ਮੱਲਾਂ ਮਾਰੀਆਂ ਜਾਂਦੀਆਂ ਨੇ ।
ਅੱਜ ਕੱਲ੍ਹ ਮਾਂ ਪਿਓ ਹੋਏ ਸਿਆਣੇ ,
ਧੀਆਂ ਨੂੰ ਚਿੜੀਆਂ 'ਨੀਂ ਕਹਿੰਦੇ ;
ਕਦੇ ਸੀ ਦੁਰਕਾਰੀਆਂ ਜਾਂਦੀਆਂ ,
ਹੁਣ ਸਤਿਕਾਰੀਆਂ ਜਾਂਦੀਆਂ ਨੇ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ : 9914836037**

## ਕਣਕਾਂ ਪੱਕੀਆਂ

ਕਣਕਾਂ ਪੱਕੀਆਂ ਤੇ ਵੇਚ ਹੋਏ ਵਿਹਲ਼ੇ,
ਕਿ ਧੂੜਾਂ ਪੁੱਟਦੇ ਜਾਣ ਮੇਲੇ ਨੂੰ।
ਕਰਦੇ ਨਮਨ ਕਲਗੀਆਂ ਵਾਲੇ,
ਆਪੇ ਗੁਰੂ ਤੇ ਆਪੇ ਚੇਲੇ ਨੂੰ।
ਕਣਕਾਂ ਪੱਕੀਆਂ.....
ਜਿੱਥੇ ਸਾਜਿਆਂ ਸੀ ਵਾਜਾਂ ਵਾਲ਼ੇ ਖ਼ਾਲਸਾ,
ਓਸ ਥਾਂ ਜਾ ਕੇ  ਸੀਸ ਝੁੱਕਦੇ।
ਦੁੱਖ,ਕਸ਼ਟ,ਕਲੇਸ਼ ਸਾਰੇ ਸਾਲ ਦੇ,
ਇੱਕੋ ਵਾਰੀ ਏਥੇ ਜਾ ਕੇ ਮੁੱਕਦੇ।
ਇੱਥੇ ਰੌਣਕਾਂ ਨੇ ਲੱਗਦੀਆਂ ਚਾਰੇ ਪਾਸੇ,
ਵੇਖੀਂ ਗਤਕੇ ਦੇ ਹੁੰਦੇ ਖੇਲੇ ਨੂੰ।
ਕਣਕਾਂ ਪੱਕੀਆਂ.....
ਚਿੜੀਆਂ ਦੇ ਨਾ਼ਲ ਬਾਜ਼ ਲੜਾ ਕੇ,
ਸਤਿਗੁਰਾਂ ਸਾਜਿਆ ਸੀ ਖ਼ਾਲਸਾ।
ਉਹਨਾਂ ਪੱਲੇ ਕੁੱਝ ਨਾ ਬੰਨਿਆਂ,
ਨਾ ਰਾਜ-ਪਾਟ ਦੀ ਰੱਖੀ ਲ਼ਾਲਸਾ।
ਓਥੇ ਆਪੇ ਹੀ ਸਿਰ ਝੁੱਕ ਜਾਂਦਾ,
ਕਰਕੇ ਯਾਦ ਤਸ਼ੱਦਦ ਝੇਲੇ ਨੂੰ।
ਕਣਕਾਂ ਪੱਕੀਆਂ......
ਇਹ ਆਨੰਦਪੁਰ ਧਰਤੀ ਭਾਗਾਂ ਵਾਲੀ,
ਜਿੱਥੇ ਸਤਗੁਰਾਂ ਵਿਸਾਖੀ ਮਨਾਈ।
ਕਰਕੇ ਆਵਾਜ਼ ਬੁਲੰਦ ਉਹਨਾਂ,
ਇੱਕ ਵੱਖਰੀ ਫੌਜ਼ ਬਣਾਈ।
ਮਾਣ ਨਿਮਾਣਾ ਹੈ ਓਹ ਫ਼ੇਰ ਵੀ,
ਉਹਨਾਂ ਘਰ ਬਣਾਇਆ ਜੰਗਲ ਬੇਲੇ ਨੂੰ।
ਕਣਕਾਂ ਪੱਕੀਆਂ ਤੇ ਵੇਚ ਹੋਏ ਵਿਹਲੇ,
ਕਿ ਧੂੜਾਂ ਪੁੱਟਦੇ ਜਾਣ ਮੇਲੇ ਨੂੰ।



**ਮਨਜੀਤ ਕੌਰ ਧੀਮਾਨ,**
**ਸ਼ੇਰਪੁਰ, ਲੁਧਿਆਣਾ।**
**ਸੰ:9464633059**

## ਮੇਰਾ ਆਖ਼ਰੀ ਸਫ਼ਰ

ਆਖ਼ਰ...
ਇੱਕ ਦਿਨ ਅਜਿਹਾ ਆਵੇਗਾ—
ਅੱਖਾਂ ਦੇ ਦੀਪਕ ਬੁੱਝ ਜਾਣਗੇ,
ਹੱਥਾਂ ਦੇ ਕੰਵਲ ਕਮਲਾ ਜਾਣਗੇ।
ਬੋਲੀ ਦੇ ਸੁਰ ਤੇ ਸਾਹਾਂ ਦੇ ਰਾਗ
ਸਮੇਂ ਦੇ ਸੁੱਕੇ ਪੱਤ ਬਣ ਕੇ
ਹਵਾਵਾਂ ਵਿੱਚ ਉੱਡ ਪੁੱਡ ਜਾਣਗੇ,
ਅਤੇ ਕਾਲੇ ਸਾਗਰ ਦੀਆਂ ਗਹਿਰਾਈਆਂ ‘ਚ
ਸਦੀਵੀ ਸੁੱਤ ਜਾਣਗੇ...
ਫੁੱਲਾਂ ਵਾਂਗ ਖਿੜਿਆ ਇਹ ਚਿਹਰਾ,
ਕਲੀਆਂ ਵਰਗੇ ਮਹਿਕਦੇ ਅਹਿਸਾਸ—
ਹੌਲੇ-ਹੌਲੇ ਆਪਣੀ ਰੌਣਕ ਗੁਆ ਬੈਠਣਗੇ।
ਰੱਤ ਦੀ ਚਾਲ, ਦਿਲ ਦੀ ਧੜਕਣ,
ਰਾਗ ਤੇ ਰਾਗਣੀਆਂ ਦੇ ਸਾਰੇ ਸੁਰ—
ਇੱਕ ਦਿਨ ਚੁੱਪ ਹੋ ਜਾਣਗੇ...
ਪਰ ਸ਼ਾਇਦ—
ਨੀਲੇ ਅੰਤਰਿਕਸ਼ ਦੇ ਕਿਸੇ ਕੋਨੇ ‘ਚ
ਵਿੱਛੜੀਆਂ ਰੂਹਾਂ ਮੁੜ ਗਲ ਲੱਗਣ
ਇੱਕ ਨਵੀਂ ਖਾਮੋਸ਼ੀ ਵਿੱਚ...
ਐ ਮੇਰੀ ਪਿਆਰੀ ਸਵਰਗ-ਧਰਤ!
ਤੇਰੀਆਂ ਸਵੇਰਾਂ, ਤੇਰੀਆਂ ਸ਼ਾਮਾਂ,
ਤੇਰੀਆਂ ਬਾਹਾਂ ਵਿੱਚ ਬਿਤਾਏ ਹਰ ਪਲ—
ਅੱਜ ਵੀ ਮੇਰੇ ਅੰਦਰ ਜੀਊਂਦੇ ਹਨ।
ਪਰ ਹੁਣ...
ਤੇਰਾ ਇਹ ਪੁੱਤ
“ਮੁੱਠੀ ਭਰ ਮਿੱਟੀ” ਬਣ ਕੇ
ਤੇਰੇ ਅੰਗ-ਸੰਗ ਰਲ ਗਿਆ ਹੈ।
ਕੁਝ ਰੂਹਾਂ—
ਇਸ ਅਣਜਾਣ, ਬੇਨਾਮ ਹਸਤੀ ਲਈ
ਕੁਝ ਪਲ ਤੱਕ ਤ੍ਰੇਲ ਵਾਂਗ ਟਪਕਣਗੀਆਂ...
ਫਿਰ ਸਮੇਂ ਦੇ ਚੱਕਰ ਵਿੱਚ
ਸਭ ਕੁਝ ਧੁੰਦਲਾ ਪੈ ਜਾਵੇਗਾ।
ਯਾਦਾਂ ਦੀ ਸੁੰਦਰ ਮੂਰਤੀ ਤੋਂ ਵੀ
ਹੌਲੇ-ਹੌਲੇ ਹਰ ਨਿਸ਼ਾਨ ਮਿਟ ਜਾਵੇਗਾ...
ਅਤੇ ਫਿਰ—
ਕੋਈ ਨਹੀਂ ਪੁੱਛੇਗਾ
ਇਸ ਖ਼ਾਕਸਾਰ “ਸੁਰਜੀਤ” ਬਾਰੇ...



**ਸੁਰਜੀਤ ਸਿੰਘ ਭੁੱਲਰ**

## ਨਵੀਂ ਪਨੀਰੀ

ਕੈਪਸੂਲ ਗੋਲੀਆਂ ਦਾਰੂ ਚਿੱਟਾ
ਸ਼ਰੇਆਮ ਹੁਣ ਲਾਉਂਦੇ
ਮਾਪਿਆਂ ਦੀ ਪ੍ਰਵਾਹ ਨਹੀਂ ਕਰਦੇ
ਨਾਂ ਭੋਰਾ ਸ਼ਰਮਾਉਂਦੇ
ਭੰਗ ਤੇ ਡੋਡੇ ਇਓ ਖਾਂਦੇ ਆ ਜਿਵੇਂ
ਹੋਵੇ ਪੰਜੀਰੀ
ਗ਼ਲਤ ਰਸਤਿਆਂ ਉੱਤੇ ਤੁਰ ਪਈ
ਅੱਜ ਕਲ੍ਹ ਨਵੀਂ ਪਨੀਰੀ
ਲੁੱਟਾਂ ਖੋਹਾਂ ਚੋਰੀਆਂ ਡਾਕੇ ਮਾਰਦੇ
ਦਿਨ ਦਿਹਾੜੇ
ਹੁੱਕਾ ਬਾਰ ਮਿ਼ਲਦੇ ਬੈਠੇ ਮੁੰਡੇ ਕੁੜੀਆਂ ਪਾੜੇ
ਟੁੱਲ ਨਸ਼ੇ ਵਿੱਚ ਹੋਕੇ ਘੁੰਮਦੇ ਜਿਵੇਂ
ਘੁੰਮੇ ਭੰਬੀਰੀ
ਗ਼ਲਤ ਰਸਤਿਆਂ ਉੱਤੇ ਤੁਰ ਪਈ
ਅੱਜ ਕਲ੍ਹ ਨਵੀਂ ਪਨੀਰੀ
ਗੁਰਮੀਤ ਡੁਮਾਣੇ ਵਾਲਿਆਂ ਏਥੇ
ਕਿਸ ਕਿਸ ਨੂੰ ਸਮਝਾਈਏ
ਖੂਹ ਵਿਚ ਡਿਗਦੇ ਜਾਂਦੇ ਆਪੇ ਕਿਵੇਂ
ਜਾਨ ਬਚਾਈਏ
ਛੋਟੀ ਛੋਟੀ ਉਮਰ ਦੇ ਬੱਚੇ ਛੱਡਣ
ਸਾਹ ਅਖੀਰੀ
ਗ਼ਲਤ ਰਸਤਿਆਂ ਉੱਤੇ ਤੁਰ ਪਈ
ਅੱਜ ਕਲ੍ਹ ਨਵੀਂ ਪਨੀਰੀ



**ਗੁਰਮੀਤ ਡੁਮਾਣਾ**
**ਲੋਹੀਆਂ ਖਾਸ**
**ਜਲੰਧਰ**

## ਜਨਮਦਿਨ ਮੁਬਾਰਕ



**ਸੰਦੀਪ ਸਿੰਘ**
**ਸਪੁੱਤਰ ਸ੍ਰ.ਜੋਗਿੰਦਰ ਸਿੰਘ**
**ਪਿੰਡ:-ਬਖੋਪੀਰ ਡਾਕ/ਤਹਿ:-ਭਵਾਨੀਗੜ੍ਹ (ਸੰਗਰੂਰ)**

## ਜਨਮਦਿਨ ਮੁਬਾਰਕ



**ਸ਼ਿਵਜੋਤ ਕੌਰ**
**ਪਿਤਾ : ਤਰਨਦੀਪ ਸਿੰਘ**
**ਮਾਤਾ : ਅੰਜੂ ਰਾਣੀ**

# ਰੈਡ ਕ੍ਰਾਸ ਸੋਸਾਇਟੀ ਦਾ ਪ੍ਰੇਰਣਾਦਾਇਕ ਉਪਰਾਲਾ, ਸਤੀਸ਼ ਚੰਦਰ ਧਵਨ ਸਰਕਾਰੀ ਕਾਲਜ ਲੁਧਿਆਣਾ ਵਿੱਚ ਵਿਸ਼ੇਸ਼ ਸੈਮੀਨਾਰ ਆਯੋਜਿਤ

**ਲੁਧਿਆਣਾ (ਹਰਜੋਤ ਸਿੰਘ)** ਸਤੀਸ਼ ਚੰਦਰ ਧਵਨ ਸਰਕਾਰੀ ਕਾਲਜ, ਲੁਧਿਆਣਾ ਦੀ ਰੈਡ ਕ੍ਰਾਸ ਸੋਸਾਇਟੀ ਵੱਲੋਂ ਇਕ ਵਿਸ਼ੇਸ਼ ਸੈਮੀਨਾਰ ਦਾ ਸਫਲ ਆਯੋਜਨ ਕੀਤਾ ਗਿਆ। ਇਹ ਸਮਾਗਮ ਮਾਨਯੋਗ ਪ੍ਰਿੰਸੀਪਲ ਪ੍ਰੋ. (ਡਾ.) ਗੁਰਸ਼ਰਨਜੀਤ ਸਿੰਘ ਸੰਧੂ ਦੀ ਯੋਗ ਅਗਵਾਈ ਅਤੇ ਪ੍ਰੇਰਕ ਰਹਿਨੁਮਾਈ ਹੇਠ ਆਯੋਜਿਤ ਕੀਤਾ ਗਿਆ।

ਸਮਾਗਮ ਦੀ ਸ਼ੁਰੂਆਤ ਮਹਿਮਾਨਾਂ ਨੂੰ ਪੌਦੇ ਭੇਟ ਕਰਕੇ ਕੀਤੀ ਗਈ, ਜੋ ਪ੍ਰਕਿਰਤੀ ਪ੍ਰੇਮ ਅਤੇ ਸਨਮਾਨ ਦਾ ਪ੍ਰਤੀਕ ਹੈ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪ੍ਰਸਿੱਧ ਵਕਤਾ ਅਤੇ ਪ੍ਰਮਾਣਿਤ ਫਸਟ ਏਡ ਟ੍ਰੇਨਰ ਸਵਨੀਤ ਕੌਰ ਨੇ ਸ਼ਿਰਕਤ ਕੀਤੀ। ਉਨ੍ਹਾਂ ਵੱਲੋਂ "ਮੁੱਢਲੀ ਸਹਾਇਤਾ" ਦੇ ਅਹਿਮ ਮੂਲਭੂਤ ਸਿਧਾਂਤਾਂ ਬਾਰੇ ਵਿਸਤ੍ਰਿਤ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਆਪਣੇ ਵਿਅਕਤੀਗਤ ਅਨੁਭਵਾਂ ਰਾਹੀਂ ਵਿਦਿਆਰਥੀਆਂ ਨੂੰ ਸੇਵਾ ਭਾਵਨਾ ਅਤੇ ਜ਼ਿੰਮੇਵਾਰੀ ਪ੍ਰਤੀ ਪ੍ਰੇਰਿਤ ਕੀਤਾ ਗਿਆ।

ਸੈਮੀਨਾਰ ਦੌਰਾਨ ਵਿਦਿਆਰਥੀਆਂ ਵੱਲੋਂ ਸਰਗਰਮ ਭਾਗੀਦਾਰੀ ਦਰਸਾਈ ਗਈ। ਉਨ੍ਹਾਂ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਵਿਤਾਵਾਂ ਰਾਹੀਂ ਰੈਡ ਕ੍ਰਾਸ ਸੋਸਾਇਟੀ ਦੇ ਉਦੇਸ਼ਾਂ, ਮਨੁੱਖਤਾ ਸੇਵਾ ਅਤੇ ਸਮਾਜਿਕ ਜ਼ਿੰਮੇਵਾਰੀ ਦੇ ਮਹੱਤਵ ਨੂੰ ਉਜਾਗਰ ਕੀਤਾ।



ਇਸ ਅਵਸਰ 'ਤੇ ਮੁੱਖ ਮਹਿਮਾਨ ਵੱਲੋਂ ਰੈਡ ਕ੍ਰਾਸ ਸੋਸਾਇਟੀ ਦੇ ਉਹਨਾਂ ਕੌਂਸਲ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਨੇ ਸੈਸ਼ਨ 2025-26 ਦੌਰਾਨ ਆਪਣੀ ਵਿਸ਼ੇਸ਼ ਜ਼ਿੰਮੇਵਾਰੀ ਅਤੇ ਸਮਰਪਣ ਭਾਵਨਾ ਨਾਲ ਕਰਤੱਬ ਨਿਭਾਉਂਦੇ ਹੋਏ ਸਮੂਹ ਗਤੀਵਿਧੀਆਂ ਨੂੰ ਸੁਚਾਰੂ ਅਤੇ ਸਫਲਤਾਪੂਰਵਕ ਸੰਪੰਨ ਕਰਵਾਇਆ। ਸਨਮਾਨ ਪ੍ਰਾਪਤ ਕਰਨ ਵਾਲਿਆਂ ਵਿੱਚ ਪ੍ਰਧਾਨ ਭਾਵਿਕ ਮਹਾਜਨ ਅਤੇ ਉਪ ਪ੍ਰਧਾਨ ਮੋਹਿਤ ਪ੍ਰਮੁੱਖ ਰੂਪ ਵਿੱਚ ਸ਼ਾਮਲ ਸਨ।

ਇਸ ਤੋਂ ਇਲਾਵਾ ਕੌਂਸਲ ਮੈਂਬਰਾਂ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਅਨੁਸਾਰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਅਨੁਸ਼ਾਸਨ ਮੈਨੇਜਰ ਵਜੋਂ ਅੰਮ੍ਰਿਤਪ੍ਰੀਤ ਸਿੰਘ ਅਤੇ ਵਿਵੇਕ ਕਲਿਆਣ, ਮੀਡੀਆ ਕੋਆਰਡੀਨੇਟਰ ਵਜੋਂ ਹਰਜੋਤ ਸਿੰਘ ਅਤੇ ਰਾਜਨਪ੍ਰੀਤ ਸਿੰਘ ਬੈਂਸ, ਇਵੈਂਟ ਆਰਗਨਾਈਜ਼ਰ ਮੈਨੇਜਰ ਵਜੋਂ ਜਸ਼ਨਜੀਤ ਸਿੰਘ, ਫੋਟੋਗ੍ਰਾਫੀ ਟੀਮ ਮੈਨੇਜਰ ਵਜੋਂ ਵਿਵੇਕ, ਮੁਹੰਮਦ ਅਨਸ ਅਤੇ ਸੂਰਜ, ਹੌਸਪਿਟੈਲਿਟੀ ਮੈਨੇਜਰ ਵਜੋਂ ਗਗਨਦੀਪ ਅਤੇ ਸੱਤਿਆਭਾਨ ਗਰੁੱਪ ਲੀਡਰ ਮੈਨੇਜਰ ਵਜੋਂ ਗੋਬਿੰਦ ਨੂੰ ਸਨਮਾਨ ਚਿੰਨ ਅਤੇ ਪ੍ਰਮਾਣ ਪੱਤਰ ਪ੍ਰਦਾਨ ਕਰਕੇ ਉਨ੍ਹਾਂ ਦੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ ਗਈ।

ਸਮਾਗਮ ਦੇ ਅੰਤ ਵਿੱਚ ਰੈਡ ਕ੍ਰਾਸ ਸੋਸਾਇਟੀ ਦੀ ਕਨਵੀਨਰ ਪ੍ਰੋ. ਸੁਨੀਤਾ ਰਾਣੀ ਵੱਲੋਂ ਸਾਰੇ ਮਹਿਮਾਨਾਂ, ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਆਪਣੇ ਸੰਬੋਧਨ ਦੌਰਾਨ ਉਨ੍ਹਾਂ ਨੇ ਇਸ ਤਰ੍ਹਾਂ ਦੇ ਜਾਗਰੂਕਤਾ ਭਰਪੂਰ ਕਾਰਜਕ੍ਰਮਾਂ ਦੀ ਲੋੜ ਅਤੇ ਸਮਾਜਿਕ ਮਹੱਤਤਾ 'ਤੇ ਵਿਸ਼ੇਸ਼ ਰੂਪ ਨਾਲ ਪ੍ਰਕਾਸ਼ ਪਾਇਆ।

ਇਸ ਮੌਕੇ ਪ੍ਰੋ. ਰਾਜ ਕਮਲ ਗਰੇਵਾਲ ਅਤੇ ਪ੍ਰੋ. ਵਨੀਤਾ ਨੇ ਵੀ ਆਪਣੀ ਸਰਾਹਣਯੋਗ ਭੂਮਿਕਾ ਨਿਭਾਈ ਅਤੇ ਸਮਾਗਮ ਨੂੰ ਸਫਲ ਬਣਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ।

ਸਮੂਹਿਕ ਤੌਰ 'ਤੇ ਇਹ ਸੈਮੀਨਾਰ ਵਿਦਿਆਰਥੀਆਂ ਲਈ ਬਹੁਤ ਹੀ ਗਿਆਨਵਰਧਕ, ਪ੍ਰੇਰਣਾਦਾਇਕ ਅਤੇ ਜਾਗਰੂਕਤਾ ਪੈਦਾ ਕਰਨ ਵਾਲਾ ਸਾਬਤ ਹੋਇਆ।

# ਕੈਨੇਡਾ ਦੀ ਅਰਥਵਿਵਸਥਾ ਵਿੱਚ ਮਾਰਚ ਦੌਰਾਨ 14 ਹਜ਼ਾਰ ਨੌਕਰੀਆਂ ਦਾ ਵਾਧਾ, ਫਰਵਰੀ ਦੇ ਭਾਰੀ ਨੁਕਸਾਨ ਮਗਰੋਂ ਹੌਲੀ ਸੁਧਾਰ

**ਵੈਨਕੂਵਰ, 10 ਅਪ੍ਰੈਲ (ਮਲਕੀਤ ਸਿੰਘ)** – ਕੈਨੇਡਾ ਦੀ ਅਰਥਵਿਵਸਥਾ ਨੇ ਮਾਰਚ ਮਹੀਨੇ ਵਿੱਚ 14,000 ਨਵੀਆਂ ਨੌਕਰੀਆਂ ਜੋੜਦਿਆਂ ਫਰਵਰੀ ਮਹੀਨੇ ਵਿੱਚ ਹੋਏ ਵੱਡੇ ਨੁਕਸਾਨ ਮਗਰੋਂ ਹੌਲੀ ਰਿਕਵਰੀ ਦਰਜ ਕੀਤੀ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਸਟੈਟਿਸਟਿਕਸ ਕੈਨੇਡਾ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਫਰਵਰੀ ਵਿੱਚ ਲਗਭਗ 84,000 ਨੌਕਰੀਆਂ ਦਾ ਨੁਕਸਾਨ ਹੋਇਆ ਸੀ, ਜਿਸ ਨਾਲ ਰੋਜ਼ਗਾਰ ਨੂੰ ਵੱਡਾ ਝਟਕਾ ਲੱਗਿਆ ਸੀ। ਰਿਪੋਰਟ ਮੁਤਾਬਕ ਮਾਰਚ ਵਿੱਚ ਹੋਇਆ ਵਾਧਾ ਭਾਵੇਂ ਸੀਮਿਤ ਰਿਹਾ, ਪਰ ਇਹ ਦਰਸਾਉਂਦਾ ਹੈ ਕਿ ਮਜ਼ਦੂਰ ਬਜ਼ਾਰ ਹੌਲੀ-ਹੌਲੀ ਸਥਿਰਤਾ ਵੱਲ ਵੱਧ ਰਿਹਾ ਹੈ। ਹਾਲਾਂਕਿ ਇਹ ਵਾਧਾ ਫਰਵਰੀ ਦੇ ਨੁਕਸਾਨ ਦੀ ਪੂਰੀ ਭਰਪਾਈ ਕਰਨ ਲਈ ਕਾਫ਼ੀ ਨਹੀਂ ਹੈ। ਅਰਥਸ਼ਾਸਤਰੀਆਂ ਦਾ ਮੰਨਣਾ ਹੈ ਕਿ ਆਉਣ ਵਾਲੇ ਮਹੀਨਿਆਂ ਵਿੱਚ ਰੋਜ਼ਗਾਰ ਦੀ ਦਿਸ਼ਾ ਆਰਥਿਕ ਹਾਲਾਤਾਂ ਅਤੇ ਵਿਆਜ ਦਰਾਂ 'ਤੇ ਨਿਰਭਰ ਕਰੇਗੀ। ਵਿਸ਼ੇਸ਼ਗਿਆਨਾਂ ਅਨੁਸਾਰ ਮੌਜੂਦਾ ਹਾਲਾਤਾਂ ਵਿੱਚ ਨੌਕਰੀਆਂ ਦਾ ਇਹ ਵਾਧਾ ਇੱਕ ਸਕਾਰਾਤਮਕ ਸੰਕੇਤ ਹੈ, ਪਰ ਅਜੇ ਵੀ ਮਜ਼ਬੂਤ ਅਤੇ ਲਗਾਤਾਰ ਵਾਧੇ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ।

# ਪ੍ਰਸਿੱਧ ਸਮਾਜ ਸੇਵੀ ਸੰਸਥਾ ਬੇਗਮਪੁਰਾ ਏਡ ਇੰਟਰਨੈਸ਼ਨਲ ਵਲੋਂ ਮਿਸ਼ਨਰੀ ਗਾਇਕਾ ਪ੍ਰਿਆ ਬੰਗਾ ਨੂੰ ਗੋਲਡ ਮੈਡਲ ਨਾਲ ਕੀਤਾ ਸਨਮਾਨਿਤ



**ਬੰਗਾ (ਚਰਨਜੀਤ ਸੱਲ੍ਹਾਂ ) ਫਰਾਂਸ (ਬਿਊਰੋ )** ਭਾਈ ਰਾਮ ਸਿੰਘ ਮੈਂਗੜਾ ਦੀ ਅਗਵਾਈ ਵਿੱਚ ਮਨੁੱਖਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜ ਉੱਤਮ ਹਨ - ਗਾਇਕਾ ਪ੍ਰਿਆ ਬੰਗਾ ਸਮਾਜ ਸੇਵਾ ਦੇ ਖੇਤਰ ਵਿੱਚ ਆਪਣੀ ਵਿਲੱਖਣ ਪਛਾਣ ਬਣਾਉਣ ਵਾਲੀ ਸਮਾਜ ਸੇਵੀ ਸੰਸਥਾ ਬੇਗ਼ਮਪੁਰਾ ਏਡ ਇੰਟਰਨੈਸ਼ਨਲ ਵਲੋਂ ਮੁੱਖ ਸੇਵਾਦਾਰ ਭਾਈ ਰਾਮ ਸਿੰਘ ਮੈਂਗੜਾ ਦੀ ਅਗਵਾਈ ਵਿੱਚ ਸਨਮਾਨ ਸਮਾਰੋਹ ਦਾ ਆਯੋਜਨ ਸੰਸਥਾ ਦੇ ਹੈੱਡ ਆਫਿਸ ਫਰਾਂਸ ਵਿਖੇ ਕਰਵਾਇਆ ਗਿਆ। ਸਮਾਗਮ ਦੌਰਾਨ ਯੂਰਪ ਟੂਰ 'ਤੇ ਫਰਾਂਸ ਪਹੁੰਚੀ ਮਿਸ਼ਨਰੀ ਗਾਇਕਾ ਪ੍ਰਿਆ ਬੰਗਾ ਨੂੰ ਬੇਗ਼ਮਪੁਰਾ ਏਡ ਇੰਟਰਨੈਸ਼ਨਲ ਦੀ ਸਮੁੱਚੀ ਟੀਮ ਵਲੋਂ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਇਹ ਗੋਲਡ ਮੈਡਲ ਪ੍ਰਿਆ ਬੰਗਾ ਨੂੰ ਬੇਗ਼ਮਪੁਰਾ ਏਡ ਇੰਟਰਨੈਸ਼ਨਲ ਦੀ ਮੀਡੀਆ ਇੰਚਾਰਜ ਜਸਮੀਨ ਮੈਂਗੜਾ ਨੇ ਪਹਿਨਾਇਆ ਅਤੇ ਬੰਦਨਾ ਮੈਂਗੜਾ ਨੇ ਗਾਇਕਾ ਪ੍ਰਿਆ ਬੰਗਾ ਨੂੰ ਮਾਣ ਸਨਮਾਨ ਭੇਂਟ ਕੀਤਾ। ਇਸ ਮੌਕੇ ਮਿਸ਼ਨਰੀ ਗਾਇਕਾ ਪ੍ਰਿਆ ਬੰਗਾ ਨੇ ਬੇਗ਼ਮਪੁਰਾ ਏਡ ਦੀ ਟੀਮ ਦਾ ਧੰਨਵਾਦ ਕਰਦਿਆ



ਕਿਹਾ ਕਿ ਬੇਗ਼ਮਪੁਰਾ ਏਡ ਇੰਟਰਨੈਸ਼ਨਲ ਦੀ ਟੀਮ ਵਲੋਂ ਮੁੱਖ ਸੇਵਾਦਾਰ ਭਾਈ ਰਾਮ ਸਿੰਘ ਮੈਂਗੜਾ ਦੀ ਅਗਵਾਈ ਵਿੱਚ ਮਨੁੱਖਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜ ਬਹੁਤ ਹੀ ਨੇਕ ਤੇ ਉੱਤਮ ਹਨ। ਉਨ੍ਹਾ ਕਿਹਾ ਕਿ ਮੈਂ ਬੇਗ਼ਮਪੁਰਾ ਏਡ ਨਾਲ ਜੁੜ ਕੇ ਬਹੁਤ ਹੀ ਮਾਣ ਮਹਿਸੂਸ ਕਰ ਰਹੀ ਹਾਂ। ਇਸ ਮੌਕੇ ਮੁੱਖ ਸੇਵਾਦਾਰ ਭਾਈ ਰਾਮ ਸਿੰਘ ਮੈਂਗੜਾ ਅਤੇ ਮੀਡੀਆ ਉਪਰੇਟਰ ਜਸਮੀਨ ਮੈਂਗੜਾ ਨੇ ਕਿਹਾ ਕਿ ਮਹਾਂਪੁਰਸ਼ਾ ਦੇ ਮਿਸ਼ਨ ਦਾ ਪ੍ਰਚਾਰ ਪ੍ਰਸਾਰ ਕਰ ਰਹੇ ਕਲਾਕਾਰਾ ਦਾ ਸਮੇਂ ਸਮੇਂ ਸਿਰ ਮਾਣ ਸਨਮਾਨ ਕਰਕੇ ਉਨ੍ਹਾ ਦਾ ਹੌਸਲਾ ਅਫਜਾਈ ਕੀਤੀ ਜਾਂਦੀ ਹੈ ਕਿ ਉਹ ਇਸੇ ਤਰ੍ਹਾ ਹੀ ਮਹਾਪੁਰਸ਼ਾ ਦੇ ਮਿਸ਼ਨ ਅਤੇ ਅੰਦੋਲਨ ਨੂੰ ਹੋਰ ਅੱਗੇ ਵਧਾਉਣ ਲਈ ਕੰਮ ਕਰਦੇ ਰਹਿਣ। ਭਾਈ ਰਾਮ ਸਿੰਘ ਮੈਂਗੜਾ ਅਤੇ ਜਸਮੀਨ ਮੈਂਗੜਾ ਨੇ ਦੱਸਿਆ ਕਿ ਮਿਸ਼ਨਰੀ



ਗਾਇਕਾ ਪ੍ਰਿਆ ਬੰਗਾ ਪਿਛਲੇ ਚਾਰ ਸਾਲ ਤੋਂ ਬੇਗ਼ਮਪੁਰਾ ਏਡ ਨਾਲ ਜੁੜ ਕੇ ਸੰਸਥਾ ਵਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੇ ਕੰਮਾਂ ਵਿੱਚ ਵਡਮੁੱਲਾ ਯੋਗਦਾਨ ਪਾਉਂਦੀ ਆ ਰਹੀ ਹੈ ਜਿਸ ਕਰਕੇ ਮਿਸ਼ਨਰੀ ਗਾਇਕਾ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਹੈ। ਉਨ੍ਹਾ ਕਿਹਾ ਕਿ ਬੇਗ਼ਮਪੁਰਾ ਏਡ ਦੀ ਟੀਮ ਦੀਨ ਦੁਖੀਆ ਦੀ ਸੇਵਾ ਕਰਨ ਲਈ ਹਰ ਸਮੇਂ ਹਾਜ਼ਰ ਹੈ। ਉਨ੍ਹਾ ਕਿਹਾ ਕਿ ਬੇਗ਼ਮਪੁਰਾ ਏਡ ਵਲੋਂ ਮਨੁੱਖਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਵਿੱਚ ਹਰ ਇੱਕ ਇਨਸਾਨ ਨੂੰ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਮੌਕੇ ਪਰਮਿੰਦਰ ਸਿੰਘ ਕੈਲੇ, ਲਾਲ ਸਿੰਘ ਕੈਲੇ, ਅਮਰਜੀਤ ਕੈਲੇ, ਮੁਖਤਿਆਰ ਕੌਲ ਸਾਬ, ਰੋਸ਼ਨ ਗੁਰੂ, ਸਤਿਪਾਲ ਭੌਰਿਆ, ਪਰਮਜੀਤ ਸਿੰਘ ਮਾਨ, ਰਮੇਸ਼ ਕੁਮਾਰ ਕੈਂਥ ਆਦਿ ਹਾਜ਼ਰ ਸਨ।

for more news visit:
www.samajweekly.com

# ਡਾ. ਬੀ.ਆਰ. ਅੰਬੇਡਕਰ ਦੇ ਜਨਮ ਦਿਨ ਨੂੰ ਸਮਰਪਿਤ ਰੈਲੀ ਵਿੱਚ ਉੱਮੜਿਆ ਜਨ-ਸੈਲਾਬ; ਕੇਂਦਰੀ ਲੀਡਰਸ਼ਿਪ ਨੇ ਦਿੱਤਾ ਸੱਤਾ ਤਬਦੀਲੀ ਦਾ ਹੋਕਾ: ਪ੍ਰਤਾਪ ਸਿੰਘ

## ●ਪੰਜਾਬ ਬਸਪਾ ਦੀ ਪੰਜਾਬ ਸੰਭਾਲੋ ਮਹਿਮ ਦੇ ਤਹਿਤ ਨਿਹਾਲ ਸਿੰਘ ਵਾਲਾ ਸੱਤਾ ਪ੍ਰਾਪਤ ਕਰੋ ਵਿਸ਼ਾਲ ਰੈਲੀ ਨੇ ਲੋਕ ਵਿਰੋਧੀ ਸਰਕਾਰ ਦੀਆਂ ਜੜਾਂ ਉਖਾੜਨ ਦਾ ਦਿੱਤਾ ਸੁਨੇਹਾ: ਕਰੀਮਪੁਰੀ ●78 ਸਾਲਾਂ ਦੇ ਹਾਕਮਾਂ ਨੂੰ ਰੱਦ ਕਰਕੇ ਹੀ ਖੁਸ਼ਹਾਲ ਪੰਜਾਬ ਬਣਾਇਆ ਜਾ ਸਕਦਾ: ਡਾਕਟਰ ਨਛੱਤਰ ਪਾਲ/ਨਿਹਾਲ ਸਿੰਘ ਵਾਲਾ







(ਮੋਗਾ): (ਚਰਨਜੀਤ ਸੱਲ੍ਹਾਂ ) ਬਹੁਜਨ ਸਮਾਜ ਪਾਰਟੀ (ਬਸਪਾ) ਵੱਲੋਂ ਅੱਜ ਨਿਹਾਲ ਸਿੰਘ ਵਾਲਾ ਦੀ ਪਵਿੱਤਰ ਧਰਤੀ 'ਤੇ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਨ ਨੂੰ ਸਮਰਪਿਤ 'ਪੰਜਾਬ ਸੰਭਾਲੋ ਮੁਹਿੰਮ' ਤਹਿਤ ਇੱਕ ਵਿਸ਼ਾਲ 'ਸੱਤਾ ਪ੍ਰਾਪਤ ਕਰੋ ਰੈਲੀ' ਦਾ ਆਯੋਜਨ ਕੀਤਾ ਗਿਆ। ਇਸ ਰੈਲੀ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਪਹੁੰਚੇ ਵਰਕਰਾਂ ਨੇ ਪੰਜਾਬ ਦੀ ਮੌਜੂਦਾ ਸਿਆਸੀ ਸਥਿਤੀ ਨੂੰ ਬਦਲਣ ਅਤੇ ਬਹੁਜਨ ਸਮਾਜ ਦੀ ਸਰਕਾਰ ਬਣਾਉਣ ਦਾ ਅਹਿਦ ਲਿਆ।

ਰੈਲੀ ਵਿੱਚ ਮੁੱਖ ਮਹਿਮਾਨ ਵਜੋਂ ਪਹੁੰਚੇ ਸ੍ਰੀ ਪ੍ਰਤਾਪ ਸਿੰਘ (ਕੇਂਦਰੀ ਇੰਚਾਰਜ, ਬਸਪਾ ਪੰਜਾਬ) ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਪੰਜਾਬ ਨੂੰ ਬਚਾਉਣ ਲਈ ਬਹੁਜਨ ਸਮਾਜ ਦਾ ਇੱਕਜੁੱਟ ਹੋਣਾ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ 'ਪੰਜਾਬ ਸੰਭਾਲੋ ਮੁਹਿੰਮ' ਦਾ ਮਕਸਦ ਸੂਬੇ ਨੂੰ ਭ੍ਰਿਸ਼ਟਾਚਾਰ, ਨਸ਼ਿਆਂ ਅਤੇ ਆਰਥਿਕ ਕੰਗਾਲੀ ਵਿੱਚੋਂ ਕੱਢ ਕੇ ਬਾਬਾ ਸਾਹਿਬ ਦੇ ਸੁਪਨਿਆਂ ਦਾ ਰਾਜ ਸਥਾਪਿਤ ਕਰਨਾ ਹੈ।

ਡਾਕਟਰ ਅਵਤਾਰ ਸਿੰਘ ਕਰੀਮਪੁਰੀ (ਪ੍ਰਧਾਨ ਬਸਪਾ ਪੰਜਾਬ ਅਤੇ ਸਾਬਕਾ ਮੈਂਬਰ ਪਾਰਲੀਮੈਂਟ) ਨੇ ਸੂਬਾ ਸਰਕਾਰ 'ਤੇ ਤਿੱਖੇ ਨਿਸ਼ਾਨੇ ਸਾਧਦਿਆਂ ਕਿਹਾ:

"ਪੰਜਾਬ ਅੱਜ ਨਾਜ਼ੁਕ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਪੰਜਾਬ ਸੰਭਾਲੋ ਮੁਹਿੰਮ ਸਿਰਫ਼ ਇੱਕ ਨਾਅਰਾ ਨਹੀਂ, ਸਗੋਂ ਸੂਬੇ ਦੀ ਤਕਦੀਰ ਬਦਲਣ ਦਾ ਇੱਕ ਅੰਦੋਲਨ ਹੈ। ਅਸੀਂ ਸੱਤਾ ਪ੍ਰਾਪਤ ਕਰਕੇ ਹੀ ਦਲਿਤਾਂ, ਪਿਛੜਿਆਂ ਅਤੇ ਗਰੀਬ ਕਿਸਾਨਾਂ ਦੇ ਹੱਕਾਂ ਦੀ ਰਾਖੀ ਕਰ ਸਕਦੇ ਹਾਂ।"

ਰੈਲੀ ਦੇ ਮੁੱਖ ਮੁੱਦੇ

ਰੈਲੀ ਦੌਰਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਪੰਜਾਬ ਸੰਭਾਲੋ ਮੁਹਿੰਮ ਦੇ ਮੁੱਖ ਨੁਕਤਿਆਂ 'ਤੇ ਰੌਸ਼ਨੀ ਪਾਈ:

ਸਿੱਖਿਆ ਅਤੇ ਸਿਹਤ: ਸਰਕਾਰੀ ਸੰਸਥਾਵਾਂ ਦਾ ਨਿਘਾਰ ਰੋਕਣਾ।

ਰੁਜ਼ਗਾਰ: ਨੌਜਵਾਨਾਂ ਨੂੰ ਪੰਜਾਬ ਵਿੱਚ ਹੀ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨਾ।

ਸੰਵਿਧਾਨਕ ਹੱਕ: ਬਾਬਾ ਸਾਹਿਬ ਵੱਲੋਂ ਦਿੱਤੇ ਗਏ ਰਾਖਵੇਂਕਰਨ ਅਤੇ ਹੋਰ ਹੱਕਾਂ ਨੂੰ ਸਖ਼ਤੀ ਨਾਲ ਲਾਗੂ ਕਰਵਾਉਣਾ।

ਅਮਨ-ਕਾਨੂੰਨ: ਸੂਬੇ ਵਿੱਚ ਵਧ ਰਹੀ ਅਸੁਰੱਖਿਆ ਦੀ ਭਾਵਨਾ ਨੂੰ ਖਤਮ ਕਰਨਾ।

ਸੱਤਾ ਤਬਦੀਲੀ ਦਾ

ਰੈਲੀ ਨੂੰ ਸੰਬੋਧਨ ਕਰਦੇ ਆ ਡਾਕਟਰ ਨਛੱਤਰ ਪਾਲ ਵਿਧਾਇਕ ਨੇ ਕਿਹਾ ਕਿ ਪੰਜਾਬ ਸੰਭਾਲੋ ਮਹਿਮ ਦਾ ਸੁਨੇਹਾ ਪੰਜਾਬੀਆਂ ਤੱਕ ਪਹੁੰਚ ਚੁੱਕਾ ਹੈ ਪੰਜਾਬੀ ਹੁਣ ਇੱਕ ਮੌਕਾ ਬਸਪਾ ਨੂੰ ਦੇਣ ਦਾ ਮਨ ਬਣਾ ਚੁੱਕੇ ਹਨ ਰੈਲੀ ਵਿੱਚ ਸਾਰਿਆਂ ਨੂੰ ਸੱਦਾ ਦਿੱਤਾ ਕਿ ਉਹ ਘਰ ਘਰ ਤੱਕ ਇਹ ਸੁਨੇਹਾ ਲੈ ਕੇ ਜਾਣ ਸੰਕਲਪ ਰੈਲੀ ਦੇ ਅਖੀਰ ਵਿੱਚ ਸਮੂਹ ਲੀਡਰਸ਼ਿਪ ਨੇ ਇੱਕਸੁਰ ਵਿੱਚ ਕਿਹਾ ਕਿ ਨਿਹਾਲ ਸਿੰਘ ਵਾਲਾ ਦੀ ਇਹ ਰੈਲੀ ਪੰਜਾਬ ਦੀ ਸਿਆਸਤ ਵਿੱਚ ਮੀਲ ਦਾ ਪੱਥਰ ਸਾਬਤ ਹੋਵੇਗੀ। ਬਸਪਾ ਵਰਕਰ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਸੂਬੇ ਦੀ ਮੌਜੂਦਾ ਦੁਰਦਸ਼ਾ ਬਾਰੇ ਜਾਗਰੂਕ ਕਰਨਗੇ ਅਤੇ ਆਉਣ ਵਾਲੀਆਂ ਚੋਣਾਂ ਵਿੱਚ ਬਹੁਜਨ ਸਮਾਜ ਦੀ ਮਜ਼ਬੂਤ ਹਿੱਸੇਦਾਰੀ ਯਕੀਨੀ ਬਣਾਉਣਗੇ ਰੈਲੀ ਨੂੰ ਸਟੇਟ ਜਨਰਲ ਸੈਕਟਰੀ ਸੰਤ ਰਾਮ ਮਲੀਆ, ਗੁਰਬਖਸ਼ ਚੌਹਾਨ, ਜਗਤਾਰ ਸਿੰਘ ਜਿਲ੍ਹਾ ਪ੍ਰਧਾਨ,ਅਵਤਾਰ ਕ੍ਰਿਸ਼ਨ ਕੇਬਲ ਸਿੰਘ ਸੈਦੋਕੇ ਵਿਧਾਨ ਸਭਾ ਹਲਕੇ ਦੇ ਪ੍ਰਧਾਨ ਅਤੇ ਹੋਰ ਲੀਡਰਸ਼ਿਪ ਨੇ ਵੀ ਸੰਬੋਧਨ ਕੀਤੇ।

# ਅੰਡਰ-16 ਕ੍ਰਿਕਟ ਹੁਸ਼ਿਆਰਪੁਰ ਨੇ ਕਪੂਰਥਲਾ ਨੂੰ ਇੱਕ ਪਾਰੀ ਤੇ 110 ਦੌੜਾਂ ਨਾਲ ਹਰਾ ਕੇ ਦਰਜ ਕੀਤੀ ਵੱਡੀ ਜਿੱਤ : ਡਾ. ਰਮਨ ਘਈ

## ਕਪਤਾਨ ਯੁਵਰਾਜ ਠਾਕੁਰ ਨੇ ਬੱਲੇਬਾਜ਼ੀ ਤੇ ਉਪ-ਕਪਤਾਨ ਮਨਨ ਨਾਰਾਇਣ ਨੇ ਗੇਂਦਬਾਜ਼ੀ ਵਿੱਚ ਕੀਤਾ ਸ਼ਾਨਦਾਰ ਪ੍ਰਦਰਸ਼ਨ

**ਹੁਸ਼ਿਆਰਪੁਰ 10 ਅਪ੍ਰੈਲ (ਤਰਸੇਮ ਦੀਵਾਨਾ )** - ਪੰਜਾਬ ਕ੍ਰਿਕਟ ਐਸੋਸੀਏਸ਼ਨ ਦੁਆਰਾ ਕਰਵਾਈ ਜਾ ਰਹੀ ਅੰਡਰ-16 ਅੰਤਰ ਜ਼ਿਲ੍ਹਾ ਕ੍ਰਿਕਟ ਟੂਰਨਾਮੈਂਟ ਵਿੱਚ ਹੁਸ਼ਿਆਰਪੁਰ ਦੀ ਟੀਮ ਨੇ ਜ਼ਿਲ੍ਹਾ ਕਪੂਰਥਲਾ ਦੀ ਟੀਮ ਨੂੰ ਇੱਕ ਪਾਰੀ ਤੇ 110 ਦੌੜਾਂ ਨਾਲ ਹਰਾ ਕੇ ਜਿੱਤ ਦਰਜ ਕਰ 5 ਅੰਕ ਪ੍ਰਾਪਤ ਕੀਤੇ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਚ.ਡੀ.ਸੀ.ਏ. ਸਕੱਤਰ ਡਾ. ਰਮਨ ਘਈ ਨੇ ਦੱਸਿਆ ਕਿ ਟਾਸ ਜਿੱਤ ਕੇ ਹੁਸ਼ਿਆਰਪੁਰ ਦੀ ਟੀਮ ਨੇ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ 8 ਵਿਕਟਾਂ ਦੇ ਨੁਕਸਾਨ 'ਤੇ 288 ਦੌੜਾਂ ਬਣਾ ਕੇ ਪਾਰੀ ਸਮਾਪਤ ਕਰਨ ਦਾ ਐਲਾਨ ਕੀਤਾ। ਹੁਸ਼ਿਆਰਪੁਰ ਵੱਲੋਂ ਸ਼ਾਨਦਾਰ ਬੱਲੇਬਾਜ਼ੀ ਕਰਦੇ ਹੋਏ ਯੁਵਰਾਜ ਠਾਕੁਰ ਨੇ 96 ਦੌੜਾਂ, ਯੁਗ ਗਰੋਵਰ ਨੇ 57 ਦੌੜਾਂ, ਅਭਿਨਵ ਪ੍ਰਤਾਪ ਨੇ 44 ਦੌੜਾਂ, ਮਨਕਰਨ ਸਿੰਘ ਨੇ 17 ਦੌੜਾਂ, ਦੀਪਾਵਨ ਤੇ ਮਨਨ ਨਾਰਾਇਣ ਨੇ 12-12 ਦੌੜਾਂ ਦਾ ਯੋਗਦਾਨ ਦਿੱਤਾ। ਕਪੂਰਥਲਾ ਵੱਲੋਂ ਗੇਂਦਬਾਜ਼ੀ ਕਰਦੇ ਹੋਏ ਹੁਨਰ ਸੰਧੂ ਨੇ 3, ਜਤਿੰਦਰ ਸਿੰਘ ਨੇ 2 ਖਿਡਾਰੀਆਂ ਨੂੰ ਆਊਟ ਕੀਤਾ। ਕਪੂਰਥਲਾ ਟੀਮ ਦੀ ਬੱਲੇਬਾਜ਼ੀ ਹੁਸ਼ਿਆਰਪੁਰ ਦੀ ਸ਼ਾਨਦਾਰ ਗੇਂਦਬਾਜ਼ੀ ਅੱਗੇ ਬਿਲਕੁਲ ਬਿਖਰ ਗਈ ਤੇ ਸਾਰੀ ਪਹਿਲੀ ਪਾਰੀ ਵਿੱਚ ਕੇਵਲ 105 ਦੌੜਾਂ 'ਤੇ ਸਿਮਟ ਗਈ। ਜਿਸ ਵਿੱਚ ਜਤਿੰਦਰ ਸਿੰਘ ਨੇ 27 ਤੇ ਹੁਨਰ ਸੰਧੂ ਨੇ 22 ਦੌੜਾਂ ਦਾ ਯੋਗਦਾਨ ਦਿੱਤਾ। ਹੁਸ਼ਿਆਰਪੁਰ ਵੱਲੋਂ ਸ਼ਾਨਦਾਰ ਗੇਂਦਬਾਜ਼ੀ ਕਰਦੇ ਹੋਏ ਮਨਨ ਨਾਰਾਇਣ ਨੇ 4 ਵਿਕਟਾਂ, ਈਸ਼ਾਨ ਅਤਰ ਤੇ ਅਭਿਨਵ ਪ੍ਰਤਾਪ ਨੇ 2-2 ਵਿਕਟਾਂ, ਰਮਨਵੀਰ ਸਿੰਘ ਨੇ 1 ਵਿਕਟ ਝਟਕਾਈ। ਦੂਜੀ ਪਾਰੀ ਵਿੱਚ ਫੋਲੋ-ਆਨ 'ਤੇ ਖੇਡਦੇ ਹੋਏ ਕਪੂਰਥਲਾ ਦੀ ਟੀਮ ਵੱਲੋਂ ਵੀ ਕੇਵਲ 73 ਦੌੜਾਂ ਹੀ ਬਣਾਈਆਂ ਗਈਆਂ। ਜਿਸ ਵਿੱਚ ਹੁਨਰ ਸੰਧੂ ਨੇ ਸਭ ਤੋਂ ਵੱਧ 38 ਦੌੜਾਂ ਬਣਾਈਆਂ। ਹੁਸ਼ਿਆਰਪੁਰ ਵੱਲੋਂ ਗੇਂਦਬਾਜ਼ੀ ਕਰਦੇ ਹੋਏ ਅਭਿਨਵ ਪ੍ਰਤਾਪ ਨੇ 4, ਈਸ਼ਾਨ ਅਤਰ ਨੇ 3, ਰਮਨਦੀਪ ਸਿੰਘ ਨੇ 2 ਤੇ ਮਨਨ ਨਾਰਾਇਣ ਨੇ 1 ਖਿਡਾਰੀ ਨੂੰ ਆਊਟ ਕੀਤਾ। ਡਾ. ਘਈ ਨੇ ਦੱਸਿਆ ਕਿ ਇਸ ਤਰ੍ਹਾਂ ਹੁਸ਼ਿਆਰਪੁਰ ਦੀ ਟੀਮ ਨੇ ਆਪਣੇ ਲੀਗ ਮੈਚ ਵਿੱਚ ਇਸ ਜਿੱਤ ਨਾਲ 5 ਅੰਕ ਪ੍ਰਾਪਤ ਕਰ ਲਏ। ਉਨ੍ਹਾਂ ਨੇ ਦੱਸਿਆ ਕਿ ਹੁਸ਼ਿਆਰਪੁਰ ਦਾ ਅਗਲਾ ਮੁਕਾਬਲਾ ਜ਼ਿਲ੍ਹਾ ਰੋਪੜ ਟੀਮ ਨਾਲ 12 ਤੇ 13 ਅਪ੍ਰੈਲ ਨੂੰ ਹੁਸ਼ਿਆਰਪੁਰ ਵਿੱਚ ਖੇਡਿਆ ਜਾਵੇਗਾ। ਹੁਸ਼ਿਆਰਪੁਰ ਦੀ ਇਸ ਜਿੱਤ 'ਤੇ ਐਚ.ਡੀ.ਸੀ.ਏ. ਪ੍ਰਧਾਨ ਡਾ. ਦਲਜੀਤ ਖੇਲਾ ਨੇ ਸਮੂਹ ਐਸੋਸੀਏਸ਼ਨ ਵੱਲੋਂ ਟੀਮ ਨੂੰ ਵਧਾਈ ਦਿੱਤੀ। ਹੁਸ਼ਿਆਰਪੁਰ ਦੀ ਇਸ ਜਿੱਤ 'ਤੇ ਜ਼ਿਲ੍ਹਾ ਕੋਚ ਦਲਜੀਤ ਸਿੰਘ, ਪਰਵੀਨ ਕੁਮਾਰ, ਦਲਜੀਤ ਧੀਮਾਨ, ਪੰਕਜ ਪਿੰਕਾ, ਦਿਨੇਸ਼ ਸ਼ਰਮਾ ਤੇ ਜ਼ਿਲ੍ਹਾ ਟ੍ਰੇਨਰ ਤੇ ਸਾਬਕਾ ਕੌਮੀ ਖਿਡਾਰੀ ਕੁਲਦੀਪ ਧਾਮੀ ਨੇ ਵੀ ਟੀਮ ਨੂੰ ਵਧਾਈ ਦਿੱਤੀ। ਟੀਮ ਦੀ ਇਸ ਜਿੱਤ 'ਤੇ ਜ਼ਿਲ੍ਹਾ ਮਹਿਲਾ ਕੋਚ ਨਰਿੰਦਰ ਕੌਰ ਤੇ ਸਹਾਇਕ ਕੋਚ ਨਿਕਿਤਾ ਕੁਮਾਰੀ ਨੇ ਵੀ ਟੀਮ ਨੂੰ ਵਧਾਈ ਦਿੰਦੇ ਹੋਏ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ।



ਫੋਟੋ ਅਜਮੇਰ ਦੀਵਾਨਾ

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005
(2 Awards) BSYA

... (FREE CONSULTATION) ...

GENERAL DISEASES: ਸ਼ੂਗਰ ਰੋਗ (Diabetes), ਦਮੇ ਦੀ ਬੀਮਾਰੀ (Asthma), ਜੋੜਾਂ ਦੀ ਸੋਜ (Arthritis), ਬਾਤ ਰੋਗ (Rheumatism), ... (Sciatica), ਬਦਹਜ਼ਮੀ (Indigestion), ... (Heart Burning) ਅਤੇ ... ਕਬਜ਼ੀ (Constipation), ਬਵਾਸੀਰ (Piles) ... (Haemorrhoids), ਅਫਾਰਾ (Flatulence), ਪੀਲੀਆ ਰੋਗ (Jaundice), ... (Hepatitis), ਹਰਨੀਆਂ (Hernia), ਬਲੱਡ ਪ੍ਰੈਸ਼ਰ (Blood Presure High or Low), ... ਮੁਟਾਪਾ (Obesity), ... (Migraine), ਵਾਲਾਂ ਦਾ ਟੁੱਟਣਾ (Hair Falling) ... (Alopecia), ... ਕਿੱਲ (Acne), ... (Pigmentation), ... (Bleeding Gums & Pyorrhoea), ... (Tinnitis) ... (Vertigo), ... (Anaemia), ... (Neuralgia), ... (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ: ANAEMIA, ... ਲਈ ਕੀਮਤ £120

2) ਮਾਨਸਿਕ ਸ਼ਕਤੀ ਲਈ: (NERVE TONIC)- ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... 1 ਮਹੀਨੇ ਦੀ ਕੀਮਤ £35
2) ... 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ: ... (AZOOSPERMIA), ... (HYDROCELE), ... (GONORRHOEA), ... (PROSTATE GLAND) ... (SYPHILIS) ... (VARICOCELE) ...

## ਔਰਤਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ (SCIENTIFICALLY PROVEN 'NATURAL GIFTS')

... INFORMATION, ... 1 ਮਹੀਨੇ ਦੀ ਕੀਮਤ

ਨੁਸਖਾ ਨੰਬਰ 1 (IN TABLETS): ... (PIGMENTATION WHITE SPOTS) ... £69
ਨੁਸਖਾ ਨੰਬਰ 2 (IN CAPSULES OR IN PEARLS): ... PROPER SHAPE ... £89
ਨੁਸਖਾ ਨੰਬਰ 3 (IN CAPSULES): ... (POWERFUL FAT BURNER) ... £69
ਨੁਸਖਾ ਨੰਬਰ 4 (IN CAPSULES): ... FLAT ਅਤੇ TONED ... £69
ਨੁਸਖਾ ਨੰਬਰ 5 (IN CAPSULES): ... (FEMALE SEX-DRIVE) ... A REAL MAGIC ... £69
ਨੁਸਖਾ ਨੰਬਰ 6 (GEL IN APPLICATORS): ... SEXUAL DISCOMFORT ... (VAGINAL LUBRICATION GEL / MAGIC) £49
ਨੁਸਖਾ ਨੰਬਰ 7 (IN CAPSULES): ... (MENOPAUSE) ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES): ... £59
ਨੁਸਖਾ ਨੰਬਰ 9 (IN CAPSULES) ... £59
ਨੁਸਖਾ ਨੰਬਰ 10 (IN CAPSULES): ... GUARANTEED GOOD QUALITY SLEEP £59
ਨੁਸਖਾ ਨੰਬਰ 11 (IN TABLETS): ... (ANAEMIA) ... £49

ਮਰਦਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS): ... (SPECIAL OCCASIONS) ... £89
ਨੁਸਖਾ ਨੰਬਰ 13 (IN VIALS): ... £89
ਨੁਸਖਾ ਨੰਬਰ 14 (IN TABLETS): ... SEXUAL ... MALE DISORDERS ... £69

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ:

... (Dysmenorrhoea), ... (Atrophy of Mammae) ... (Mastitis), ... (Uterus) ... (Physometra) ... (Fibroid Uterine), ... (Diseases of Ovaries), ... (Ovarian Cysts), ... (Vaginimus), ... (Vaginitis), ... (Frigidity), ... (Prutitis), ... (Sterility), ... (Miscarriage) ... (Diseases of Post Partum) ... (Menopause Disorders) ...

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ।

LADY CONSULTANT & PRACTITIONER IS AVAILABLE, MRS. JASWINDER KAUR KHANBA BSYA (HOM.) (A.P.) AND (NUTRI.)

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), ਟੌਂਸਿਲ (Tonsilits), ... (Worms), ... (Enuresis), ... (Wheezing Problem), ... (Eczema), ... (Psoriasis), ... (Anaemia), ... (Backward Children), ... (Rickets), ਮਿਰਗੀ (Epilepsy) ਵਗੈਰਾ।

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

PILAES (IN OINTMENT) - ... £19
NURALACO (IN OINTMENT OR LOTION) - ... £19
CHILLAGA (IN OINTMENT OR LOTION) - ... £19
ARNSTRA (IN OINTMENT) - ... (BED SORES) ... £19
BELINFLA (IN OIL OR OINTMENT) - ... £19
BELULCE (IN OIL) - ... ULCERS ... £19
BRYJOIN (IN OIL) - ... £19
CALWOUN (IN OIL OR OINTMENT) - ... £19
BURCAN (IN LOTION OR OINTMENT) - ... £19
ROUTUM (IN OINTMENT) - ... £19
JOINRHU (IN OIL) - ... £19
ABSSIL (IN LOTION) - ... £19
ITCSUL (IN OIL) - ... £19
WARTHU (IN OIL) - ... (WARTS) ... £19

* HOMOEOPATHIC HEALTH CLINIC ... (... £10 ...)

ਹਰ ਤਰ੍ਹਾਂ ਦੇ ਨਸ਼ਿਆਂ ਅਤੇ ਉਹਨਾਂ ਨਾਲ ਸਰੀਰ 'ਚ ਪਏ ਨੁਕਸਾਂ ਤੋਂ ਮੁਕੰਮਲ ਛੁਟਕਾਰਾ ਹੋਰ ਜਾਣਕਾਰੀ ਲਈ ਫੋਨ ਕਰੋ

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# ਉਸਾਰੀ ਕਿਰਤੀਆਂ ਦੀ ਰਜਿਸਟ੍ਰੇਸ਼ਨ ਅਤੇ ਭਲਾਈ ਸਕੀਮਾਂ ਦੇ ਆਨਲਾਈਨ ਪੋਰਟਲ ਨੂੰ ਸੁਚੱਜੇ ਢੰਗ ਨਾਲ ਚਲਾਇਆ ਜਾਵੇ - ਬਲਦੇਵ ਭਾਰਤੀ

## ਅਕਸਰ ਬੰਦ ਰਹਿੰਦੀ ਹੈ ਬੀਓਸੀਡਬਲਯੂ ਦੀ ਬੈਵਸਾਈਟ

**ਰਾਹੋਂ (ਸਤਨਾਮ ਸਿੰਘ ਸਹੂੰਗੜਾ)** ਨੈਸ਼ਨਲ ਲੇਬਰ ਔਰਗੇਨਾਈਜੇਸ਼ਨ (ਐੱਨ ਐੱਲ ਓ) ਦੇ ਕਨਵੀਨਰ ਬਲਦੇਵ ਭਾਰਤੀ ਸਟੇਟ ਐਵਾਰਡੀ ਨੇ ਦੱਸਿਆ ਕਿ ਪੰਜਾਬ ਸਰਕਾਰ ਕਿਰਤ ਵਿਭਾਗ ਅਤੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਮੁਲਾਜ਼ਮਾਂ ਉੱਤੇ ਉਸਾਰੀ ਖੇਤਰ ਅਤੇ ਵੀਬੀ ਰਾਮਜੀ (ਮਨਰੇਗਾ) ਮਜ਼ਦੂਰਾਂ ਨੂੰ ਉਸਾਰੀ ਕਿਰਤੀ ਭਲਾਈ ਬੋਰਡ ਤਹਿਤ ਰਜਿਸਟ੍ਰੇਸ਼ਨ ਕਰਵਾਉਣ ਲਈ ਬੇਤੁਕਾ ਬੋਝ ਪਾ ਰਹੀ ਹੈ। ਜਦਕਿ ਇਹ ਰਜਿਸਟ੍ਰੇਸ਼ਨ ਬਿਲਕੁਲ ਨਾਂਹ ਦੇ ਬਰਾਬਰ ਹੈ ਕਿਉਂਕਿ ਕਿਰਤੀਆਂ ਦੀ ਰਜਿਸਟ੍ਰੇਸ਼ਨ ਅਤੇ ਭਲਾਈ ਸਕੀਮਾਂ ਦੇ ਆਨ-ਲਾਈਨ ਪੋਰਟਲ ਵਿੱਚ ਅਨੇਕਾਂ ਖਾਮੀਆਂ ਹਨ ਅਤੇ ਇਸ ਦੀ ਵੈਬਸਾਈਟ ਅਕਸਰ ਬੰਦ ਰਹਿੰਦੀ ਹੈ। ਜਿਸ ਕਾਰਨ ਪੰਜਾਬ ਭਰ ਦੇ ਸੇਵਾ ਕੇਂਦਰਾਂ ਵਿੱਚ ਉਸਾਰੀ ਮਜ਼ਦੂਰਾਂ ਦੀ ਰੱਜ ਕੇ ਹੋ ਰਹੀ ਖੱਜਲ ਖੁਆਰੀ ਉਨ੍ਹਾਂ ਦੀਆਂ ਆਸਾਂ ਉਮੀਦਾਂ ਉੱਤੇ ਪਾਣੀ ਫੇਰ ਰਹੀ ਹੈ। ਦਿਹਾੜੀਆਂ ਤੋੜ ਕੇ ਲਾਈਨਾਂ ਵਿੱਚ ਲੱਗੇ ਕਿਰਤੀਆਂ ਨੂੰ ਨਿਰਾਸ਼ ਹੋ ਕੇ ਵਾਪਸ ਮੁੜਨਾ



ਪੈਂਦਾ ਹੈ। ਮਜ਼ਦੂਰ ਵਾਰ-ਵਾਰ ਗੇੜੇ ਮਾਰ ਕੇ ਪਰੇਸ਼ਾਨ ਹੋਣ ਦੇ ਨਾਲ ਨਾਲ ਭਲਾਈ ਸਕੀਮਾਂ ਦੇ ਲਾਭ ਤੋਂ ਵੀ ਵਾਂਝੇ ਰਹਿ ਰਹੇ ਹਨ। ਬਲਦੇਵ ਭਾਰਤੀ ਨੇ ਦੱਸਿਆ ਕਿ ਉਸਾਰੀ ਕਿਰਤੀਆਂ ਦੀ ਭਲਾਈ ਅਤੇ ਸਮਾਜਿਕ ਸੁਰੱਖਿਆ ਲਈ ਬਣੀਆਂ ਬੋਰਡ ਦੀਆਂ ਭਲਾਈ ਸਕੀਮਾਂ ਕਾਫੀ ਹੱਦ ਤੱਕ ਠੀਕ ਅਤੇ ਸਲਾਹੁਣਯੋਗ ਹਨ ਅਤੇ ਅਨੇਕਾਂ ਪ੍ਰੀਵਾਰਾਂ ਨੂੰ ਇਨ੍ਹਾਂ ਦਾ ਲਾਭ ਵੀ ਮਿਲਿਆ ਹੈ। ਪਰ ਇਨ੍ਹਾਂ ਭਲਾਈ ਸਕੀਮਾਂ ਦੀ ਪ੍ਰਾਪਤੀ ਦੀ ਪ੍ਰਕਿਰਿਆ ਬਹੁਤੇ ਅਨਪੜ੍ਹ ਭੋਲੇ-ਭਾਲੇ ਸਾਧਨਾਂ ਤੋਂ ਵਾਂਝੇ ਯੋਗ ਲੋੜਵੰਦ ਕਿਰਤੀਆਂ ਦੀ ਪਹੁੰਚ ਤੋਂ ਬਾਹਰ ਹੈ। ਉਸਾਰੀ ਕਿਰਤੀ ਸੇਵਾ ਕੇਂਦਰਾਂ ਵਿੱਚ ਗੇੜੇ ਮਾਰ ਮਾਰ ਕੇ ਨਿਰਾਸ਼ ਹੋ ਕੇ ਘਰ ਬੈਠਣ ਲਈ ਮਜਬੂਰ ਹਨ। ਇੱਥੋਂ ਤਕ ਕਿ ਇਸ ਪੋਰਟਲ ਵਿੱਚ ਸਹਿਬਣ ਗਲਤੀ ਕਾਰਨ ਰਹਿ ਗਈਆਂ ਛੋਟੀਆਂ ਮੋਟੀਆਂ ਕਮੀਆਂ ਦੀ ਦਰੁੱਸਤੀ ਵੀ ਵੱਡਾ ਪਹਾੜ ਬਣੀ ਹੋਈ ਹੈ। ਪੰਜਾਬ ਭਰ ਵਿੱਚ ਉਸਾਰੀ ਕਿਰਤੀਆਂ ਦੇ ਅਜਿਹੇ ਹਾਲਾਤਾਂ ਦੀ ਗੰਭੀਰਤਾ ਨੂੰ ਜਮੀਨੀ ਪੱਧਰ ਤੋਂ ਦੇਖਣਾ ਪਵੇਗਾ। ਸਮੁੱਚੇ ਹਾਲਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਪੰਜਾਬ ਸਰਕਾਰ ਪਾਸੋਂ ਪੁਰਜ਼ੋਰ ਮੰਗ ਕੀਤੀ ਕਿ "ਉਸਾਰੀ ਮਜ਼ਦੂਰ ਭਲਾਈ ਕਾਨੂੰਨ-1996" ਦੇ ਉਦੇਸ਼ ਦੇ ਸਹੀ ਪਾਲਣ ਹਿੱਤ ਉਸਾਰੀ ਮਜ਼ਦੂਰਾਂ ਦੀ ਹੋ ਰਹੀ ਖੱਜਲ ਖੁਆਰੀ ਨੂੰ ਰੋਕਣ ਲਈ ਸਬੰਧਿਤ ਆਨ-ਲਾਈਨ ਪੋਰਟਲ ਨੂੰ ਸੁਚਾਰੂ ਢੰਗ ਨਾਲ ਚਲਾਉਣ ਅਤੇ ਸੇਵਾ ਕੇਂਦਰਾਂ ਵਿੱਚ ਸਬੰਧਿਤ ਪੂਰੀ ਵਿਧੀ ਅਤੇ ਵੱਖ-ਵੱਖ ਪਹਿਲੂਆਂ ਤੋਂ ਜਾਣਕਾਰ ਮੁਲਾਜ਼ਮ ਹੋਣ ਦੀ ਵਿਵਸਥਾ ਕੀਤੀ ਜਾਵੇ।

# ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਯੂਰੋਲੋਜਿਸਟ ਡਾ. ਅਮਿਤ ਸੰਧੂ ਵੱਲੋਂ 85 ਸਾਲ ਦੇ ਹਾਈ ਰਿਸਕ ਮਰੀਜ਼ ਦਾ ਕੈਂਸਰ ਗ੍ਰਸਤ ਗੁਰਦਾ ਕੱਢ ਕੇ ਜਾਨ ਬਚਾਈ

**ਬੰਗਾ 10 ਅਪਰੈਲ (ਚਰਨਜੀਤ ਸੱਲ੍ਹਾਂ)** ਗੁਰੂ ਨਾਨਕ ਮਿਸ਼ਨ ਹਸਪਤਾਲ ਅਤੇ ਟਰੌਮਾ ਸੈਂਟਰ ਢਾਹਾਂ ਕਲੇਰਾਂ ਦੇ ਸੁਪਰਸਪੈਸ਼ਲਿਸਟ ਯੂਰੋਲੋਜਿਸਟ ਡਾ. ਅਮਿਤ ਸੰਧੂ ਵੱਲੋਂ 85 ਸਾਲ ਦੇ ਹਾਈ ਰਿਸਕ ਮਰੀਜ਼ ਦਾ ਵੱਡੇ ਅਪਰੇਸ਼ਨ ਨਾਲ ਕੈਂਸਰ ਗ੍ਰਸਤ ਗੁਰਦਾ ਕੱਢ ਕੇ ਜਾਨ ਬਚਾਈ ਹੈ । ਜੋ ਇਲਾਕੇ ਦਾ ਇਸ ਤਰ੍ਹਾਂ ਦਾ ਪਹਿਲਾ ਅਪਰੇਸ਼ਨ ਹੈ । ਇਸ ਸਬੰਧੀ ਡਾ. ਅਮਿਤ ਸੰਧੂ ਨੇ ਮੀਡੀਆ ਨਾਲ ਗੱਲਬਾਤ ਕਰਦੇ ਦੱਸਿਆ ਕਿ ਉਹਨਾਂ ਕੋਲ 85 ਸਾਲਾ ਮਰੀਜ਼ ਆਪਣੇ ਪਿਸ਼ਾਬ ਦੇ ਰੋਗਾਂ ਦਾ ਇਲਾਜ ਕਰਵਾਉਣ ਆਏ । ਕੁਝ ਅਰਸੇ ਤੋਂ ਪਿਸ਼ਾਬ ਦੀ ਨਲੀ ਵਿਚ ਖੂਨ ਆਣ ਕਰਕੇ ਮਰੀਜ਼ ਦੇ ਸਰੀਰ ਵਿਚ ਖੂਨ ਦੀ ਕਮੀ ਹੋ ਰਹੀ ਸੀ । ਜਦੋਂ ਮਰੀਜ਼ ਦੀ ਸਕੈਨਿੰਗ ਅਤੇ ਜ਼ਰੂਰੀ ਟੈਸਟ ਕਰਵਾਏ ਤਾਂ ਜਾਂਚ ਵਿਚ ਪਤਾ ਲੱਗਾ ਕਿ ਖੱਬੀ ਕਿਡਨੀ ਵਿੱਚ ਟਿਊਮਰ ਹੈ ਜੋ ਕੈਂਸਰ ਦਾ ਰੂਪ ਹੈ, ਇਹ ਮਰੀਜ਼ ਲਈ ਜਾਨ ਲੇਵਾ ਬਣ ਰਿਹਾ ਸੀ । ਇਹ ਟਿਊਮਰ ਖੱਬੇ ਗੁਰਦੇ ਦੀਆਂ ਮਹੱਤਵਪੂਰਣ ਨਾੜੀਆਂ ਅਤੇ ਅੰਗਾਂ ਨਾਲ ਜੁੜ ਗਿਆ ਸੀ । ਇਸ ਲਈ ਮਰੀਜ਼ ਦੀ ਜਾਨ ਬਚਾਉਣ ਲਈ ਵੱਡਾ ਅਪਰੇਸ਼ਨ ਕਰਕੇ ਸਰੀਰ ਵਿਚੋਂ ਕੈਂਸਰ ਗ੍ਰਸਤ ਖਰਾਬ ਗੁਰਦਾ ਬਾਹਰ ਕੱਢਿਆ ਗਿਆ । ਇਹ ਅਪਰੇਸ਼ਨ ਤਿੰਨ ਘੰਟੋ ਤੋਂ ਵੱਧ ਸਮਾਂ ਚੱਲਿਆ । ਖੂਨ ਦੀ ਕਮੀ ਹੋਣ ਕਰਕੇ ਮਰੀਜ਼ ਨੂੰ ਕਈ ਖੂਨ ਦੀਆਂ ਬੋਤਲਾਂ ਚੜ੍ਹਾਈਆਂ ਗਈਆਂ । ਵੱਡੀ ਉਮਰ,



**ਤੰਦਰੁਸਤ ਹੋਏ ਮਰੀਜ਼ ਨਾਲ ਖੁਸ਼ੀ ਭਰੇ ਮਾਹੌਲ ਵਿਚ ਡਾ. ਅਮਿਤ ਸੰਧੂ, ਡਾ ਦੀਪਕ ਦੂੱਗਲ ਤੇ ਮਰੀਜ਼ ਦੇ ਪਰਿਵਾਰਜਨ।**

ਕੰਮਜ਼ੋਰ ਗੁਰਦੇ ਹੋਣ ਨਾਲ ਤੇ ਹੋਰ ਰੋਗਾਂ ਕਰਕੇ ਇਹ ਇੱਕ ਹਾਈ ਰਿਸਕ ਅਪਰੇਸ਼ਨ ਸੀ, ਜਿਸ ਵਿਚ ਐਨੇਸਥੀਸੀਆ ਦੇ ਮਾਹਿਰ ਡਾ. ਦੀਪਕ ਦੂੱਗਲ ਨੇ ਵਿਸ਼ੇਸ਼ ਸਹਿਯੋਗ ਦਿੱਤਾ । ਡਾ. ਅਮਿਤ ਸੰਧੂ ਨੇ ਦੱਸਿਆ ਕਿ ਗੁਰਦੇ ਦਾ ਕੈਂਸਰ ਇੱਕ ਖਤਰਨਾਕ ਬਿਮਾਰੀ ਹੈ, ਜਿਸ ਵਿੱਚ ਗੁਰਦਿਆਂ ਦੇ ਸਿਹਤਮੰਦ ਸੈੱਲ ਆਪਣਾ ਰੂਪ ਬਦਲ ਲੈਂਦੇ ਹਨ ਅਤੇ ਉਹਨਾਂ ਦਾ ਵਾਧਾ ਕੰਟਰੋਲ ਤੋਂ ਬਾਹਰ ਹੋ ਜਾਂਦਾ ਹੈ । ਜਿਸਨੂੰ ਰੀਨਲ ਸੈੱਲ ਕਾਰਸਿਨੋਮਾ ਟਿਊਮਰ ਕਿਹਾ ਜਾਂਦਾ ਹੈ । ਡਾ. ਅਮਿਤ ਸੰਧੂ ਅਤੇ ਉਹਨਾਂ ਦੀ ਮੈਡੀਕਲ ਟੀਮ ਵੱਲੋਂ ਦਿਨ-ਰਾਤ ਦੀ ਮਿਹਨਤ ਨਾਲ ਕੀਤੇ ਮਿਆਰੀ ਇਲਾਜ ਨਾਲ 85 ਸਾਲ ਦਾ ਇਹ ਮਰੀਜ਼ ਹੁਣ ਤੰਦਰੁਸਤ ਹੈ ਅਤੇ ਉਹ ਆਪਣੇ ਪਰਿਵਾਰ ਨਾਲ ਖੁਸ਼ੀ ਭਰਿਆ ਸਮਾਂ ਬਿਤਾ ਰਿਹਾ ਹੈ । ਹਸਪਤਾਲ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜ਼ੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਸ. ਕੁਲਵਿੰਦਰ ਸਿੰਘ ਢਾਹਾਂ ਨੇ ਇਹ ਹਾਈ ਰਿਸਕ ਅਪਰੇਸ਼ਨ ਕਰਨ ਲਈ ਡਾ. ਅਮਿਤ ਸੰਧੂ ਅਤੇ ਡਾ. ਦੀਪਕ ਦੂੱਗਲ ਨੂੰ ਵਧਾਈ ਦਿੱਤੀ । ਇਸ ਮੌਕੇ ਮਰੀਜ਼ ਦੇ ਪਰਿਵਾਰਿਕ ਮੈਂਬਰ ਵੀ ਹਾਜ਼ਰ ਸੀ ਅਤੇ ਉਹਨਾਂ ਨੇ ਸੁਪਰਸਪੈਸ਼ਲਿਸਟ ਯੂਰੋਲੋਜਿਸਟ ਡਾ. ਅਮਿਤ ਸੰਧੂ, ਮੈਡੀਕਲ ਅਫ਼ਸਰਾਂ, ਨਰਸਿੰਗ ਸਟਾਫ ਅਤੇ ਹਸਪਤਾਲ ਪ੍ਰਬੰਧਕਾਂ ਦਾ ਹਾਰਦਿਕ ਧੰਨਵਾਦ ਕੀਤਾ । ਕਾਬਿਲੇਗੌਰ ਹੈ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਸਥਾਪਿਤ ਯੂਰੋਲੋਜੀ ਵਿਭਾਗ ਵਿਚ ਰੋਜ਼ਾਨਾ ਮਰੀਜ਼ਾਂ ਦਾ ਚੈੱਕਅਪ ਹੁੰਦਾ ਹੈ ਤੇ ਮਿਆਰੀ ਇਲਾਜ ਕੀਤਾ ਜਾਂਦਾ ਹੈ ।

# ਸੰਤ ਨਿਰਮਲ ਦਾਸ ਜੀ ਬਾਬੇ ਜੋੜੇ ਨੇ ਬੇਗਮਪੁਰਾ ਇਤਿਹਾਸਿਕ ਦਮੜੀ ਸ਼ੋਭਾ ਯਾਤਰਾ ਵਿੱਚ ਹਾਜ਼ਰੀ ਭਰਨ ਵਾਲ਼ੀ ਸੰਗਤ ਅਤੇ ਸੰਤਾਂ ਮਹਾਂਪੁਰਸ਼ਾਂ ਦਾ ਕੀਤਾ ਦਿਲੋਂ ਧੰਨਵਾਦ

**ਹੁਸ਼ਿਆਰਪੁਰ 10 ਅਪ੍ਰੈਲ ( ਤਰਸੇਮ ਦੀਵਾਨਾ )** - ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੇ ਪ੍ਰਧਾਨ ਸੰਤ ਬਾਬਾ ਨਿਰਮਲ ਦਾਸ ਜੀ ਬਾਬੇ ਜੌੜੇ ਨੇ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਰ੍ਹੇ ਦੀ ਜਲੰਧਰ ਤੋ ਹਰਿਦੁਆਰ ਤੱਕ ਕੱਢੀ ਗਈ ਬੇਗਮਪੁਰਾ ਇਤਿਹਾਸਿਕ ਦਮੜੀ ਸ਼ੋਭਾ ਯਾਤਰਾ ਦੀ ਸਫਲਤਾ ਲਈ ਸਮੂਹ ਸੰਗਤਾਂ ਵੱਖ ਵੱਖ ਡੇਰਿਆਂ ਤੋਂ ਆਏ ਹੋਏ ਮਹਾਂਪੁਰਸ਼ਾਂ ਅਤੇ ਦੇਸ਼-ਵਿਦੇਸ਼ ਤੋਂ ਆਈਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ । ਸੰਤ ਬਾਬਾ ਨਿਰਮਲ ਦਾਸ ਜੀ ਨੇ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਅਪਾਰ ਬਖਸ਼ਿਸ਼ ਸਦਕਾ ਇਹ ਦਮੜੀ ਸ਼ੋਭਾ ਯਾਤਰਾ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਸੰਪੰਨ ਹੋਈ ਹੈ। ਉਹਨਾ ਕਿਹਾ ਕਿ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ. ਪੰਜਾਬ ਸਮੂਹ ਸੰਤਾਂ-ਮਹਾਂਪੁਰਸ਼ਾਂ ਦੀ ਰਿਣੀ ਹੈ ! ਜਿਨ੍ਹਾਂ ਨੇ ਪੰਜਾਬ ਦੇ ਕੋਨੇ-ਕੋਨੇ ਅਤੇ ਦੇਸ਼ਾਂ-ਵਿਦੇਸ਼ਾਂ ਤੋਂ ਪਹੁੰਚ ਕੇ ਇਸ ਯਾਤਰਾ ਦੀ ਸ਼ੋਭਾ ਨੂੰ ਵਧਾਇਆ । ਉਹਨਾ ਕਿਹਾ ਕਿ ਸੰਗਤਾਂ ਦੇ ਅਥਾਹ ਪਿਆਰ ਅਤੇ ਸਹਿਯੋਗ ਸਦਕਾ ਹੀ 3 ਅਪ੍ਰੈਲ ਤੋਂ ਸ਼ੁਰੂ ਹੋਈ ਬੇਗਮ-ਪੁਰਾ ਇਤਿਹਾਸਿਕ ਦਮੜੀ ਸ਼ੋਭਾ ਯਾਤਰਾ ਦਾ ਸਫ਼ਰ ਲੱਗਭਗ 6 ਅਪ੍ਰੈਲ ਨੂੰ ਸਵੇਰੇ ਸਫਲਤਾ ਪੂਰਵਕ ਯਾਦਗਾਰੀ ਹੋ ਨਿਬੜਿਆ। ਉਹਨਾਂ ਕਿਹਾ ਕਿ ਪੰਜਾਬ ਅਤੇ ਬਾਹਰਲੇ



ਰਾਜਾਂ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਪਹੁੰਚੀਆਂ ਸੰਗਤਾਂ ਦੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ ਪੰਜਾਬ ਨੇ ਦਿਨ-ਰਾਤ ਸੇਵਾ ਅਤੇ ਸ਼ਰਧਾ ਨਾਲ ਯਾਤਰਾ ਵਿੱਚ ਹਾਜ਼ਰੀ ਭਰਨ ਵਾਲੀ ਸਾਰੀ ਸੰਗਤ ਦਾ ਸ਼ੁਕਰਾਨਾ ਕੀਤਾ । ਉਹਨਾਂ ਦੇਸ਼-ਪ੍ਰਦੇਸ਼ ਤੋਂ ਆਏ ਸਮੂਹ ਸੰਤ ਸਮਾਜ ਦਾ ਵੀ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਜਿਨ੍ਹਾਂ ਦੇ ਮਾਰਗਦਰਸ਼ਨ ਅਤੇ ਹਾਜ਼ਰੀ ਨੇ ਇਸ ਇਤਿਹਾਸਿਕ ਪਲ ਨੂੰ ਹੋਰ ਵੀ ਗੌਰਵਮਈ ਬਣਾਇਆ। ਉਨ੍ਹਾਂ ਸਮੂਹ ਸੇਵਾਦਾਰਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਰਸਤੇ ਵਿੱਚ ਲਗਰ ਅਤੇ ਹੋਰ ਸਹੂਲਤਾਂ ਦਾ ਸੁਚੱਜਾ ਪ੍ਰਬੰਧ ਕੀਤਾ ਸੀ । ਸੰਤ ਬਾਬਾ ਨਿਰਮਲ ਦਾਸ ਜੀ ਨੇ ਅਖੀਰ ਵਿੱਚ ਸਮੂਹ ਸੰਗਤਾਂ ਦੇ ਸੁੱਖ-ਸ਼ਾਂਤੀ ਅਤੇ ਚੜ੍ਹਦੀ ਕਲਾ ਦੀ ਅਰਦਾਸ ਕਰਦਿਆਂ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਸਭ 'ਤੇ ਮਿਹਰ ਭਰਿਆ ਹੱਥ ਰੱਖਣ ਅਤੇ ਸਾਨੂੰ ਸਾਰਿਆਂ ਨੂੰ ਮਨੁੱਖਤਾ ਦੀ ਸੇਵਾ ਦੇ ਮਾਰਗ 'ਤੇ ਚੱਲਣ ਦਾ ਬਲ ਬਖਸ਼ਣ।

# ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਮਿਸ਼ਨ ਨਾਲ ਸਬੰਧਤ ਦਿਨ ਬੜੇ ਹੀ ਉਤਸ਼ਾਹ ਨਾਲ ਮਨਾਉਣੇ ਚਾਹੀਦੇ ਹਨ : ਸੰਤ ਕ੍ਰਿਸ਼ਨ ਨਾਥ ਚਹੇੜੂ







**ਫਗਵਾੜਾ (ਚਰਨਜੀਤ ਸੱਲ੍ਹਾਂ )** ਡੇਰਾ ਚਹੇੜੂ ਵਿਖੇ ਡੇਰੇ ਦੇ ਮੌਜੂਦਾ ਗੱਦੀ ਨਸ਼ੀਨ ਸੰਤ ਸਤਿਕਾਰਯੋਗ ਕ੍ਰਿਸ਼ਨ ਨਾਥ ਜੀ ਮਹਾਰਾਜ ਦੇ ਸ੍ਰੀ ਗੁਰੂ ਰਵਿਦਾਸ ਮਿਸ਼ਨ ਦੇ ਪ੍ਰਚਾਰ ਅਤੇ ਪ੍ਰਸਾਰ ਤੋਂ ਬਾਅਦ ਵਿਦੇਸ਼ ਦੀ ਧਰਤੀ ਤੋਂ ਡੇਰਾ ਚਹੇੜੂ ਆਉਂਦਿਆਂ ਹੀ ਦੂਰੋਂ ਦੁਰੇਡਿਓ ਸੰਗਤ ਦਾ ਮਹਾਰਾਜ ਜੀ ਦੇ ਦਰਸ਼ਨ- ਏ- ਦੀਦਾਰ ਕਰਨ ਲਈ ਆਉਣਾ ਲਗਾਤਾਰ ਹੀ ਜਾਰੀ ਹੈ। ਇਸੇ ਹੀ ਤਰ੍ਹਾਂ ਫਗਵਾੜਾ ਤੋਂ ਚੇਅਰਮੈਨ ਰਮੇਸ਼ ਕੌਲ ਬਾਬਾ ਸਾਹਿਬ ਡਾਕਟਰ ਬੀ .ਆਰ. ਅੰਬੇਡਕਰ ਜੀ ਦੇ ਜਨਮ ਦਿਵਸ ਨੂੰ ਸਮਰਪਿਤ ਇੱਕ ਚੇਤਨਾ ਮਾਰਚ ਲੈ ਕੇ ਸਮੂਹ ਸੰਗਤ ਦੇ ਨਾਲ ਅੱਜ ਡੇਰਾ ਚਹੇੜੂ ਪ੍ਰੁੱਜੇ ਅਤੇ ਮਹਾਰਾਜ ਜੀ ਪਾਸੋਂ ਆਸ਼ੀਰਵਾਦ ਪ੍ਰਾਪਤ ਕੀਤਾ ਅਤੇ ਰਾਸ਼ਟਰ ਪਿਤਾ ਜੋਤੀਬਾ ਫੂਲੇ ਜੀ. ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਅਤੇ ਸਾਹਿਬ ਕਾਂਸ਼ੀ ਰਾਮ ਜੀ ਦੇ ਜਨਮ ਦਿਵਸ ਨੂੰ ਸਮਰਪਿਤ 12ਵੇਂ ਯਾਦਗਾਰੀ ਮੇਲੇ ਦਾ ਸੱਦਾ ਪੱਤਰ ਦਿੱਤਾ। ਇਸ ਮੌਕੇ ਸਤਿਕਾਰਯੋਗ ਸੰਤ ਕ੍ਰਿਸ਼ਨ ਨਾਥ ਮਹਾਰਾਜ ਜੀ ਨੇ ਬੋਲਦਿਆਂ ਕਿਹਾ ਕਿ ਸਾਨੂੰ ਬਾਬਾ ਸਾਹਿਬ ਜੀ ਦੀ ਵਿਚਾਰਧਾਰਾ ਤੇ ਚੱਲਣ ਦੀ ਲੋੜ ਹੈ ਅਤੇ ਅਜਿਹੇ ਮਹਾਨ ਦਿਨ ਬੜੇ ਹੀ ਸ਼ਰਧਾ ਸਤਿਕਾਰ ਸਹਿਤ ਨਾਲ ਮਨਾਉਣੇ ਚਾਹੀਦੇ ਹਨ।

# ਸੂਬੇ ਅੰਦਰ ਪਹਿਲ ਦੇ ਅਧਾਰ ਤੇ ਪੀੜਤ ਕਿਸਾਨਾਂ ਦੀ ਬਾਂਹ ਫੜੇਗਾ ਸ਼੍ਰੋਮਣੀ ਅਕਾਲੀ ਦਲ : ਸੰਜੀਵ ਤਲਵਾੜ



**ਹੁਸ਼ਿਆਰਪੁਰ 10 ਅਪ੍ਰੈਲ ( ਤਰਸੇਮ ਦੀਵਾਨਾ )** - ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪਾਰਟੀ ਹਮੇਸ਼ਾ ਕਿਸਾਨਾਂ ਦੇ ਹਿੱਤਾਂ ਲਈ ਡਟ ਕੇ ਖੜ੍ਹੀ ਰਹੀ ਹੈ। ਕਿਉਂਕਿ ਸ਼੍ਰੋਮਣੀ ਅਕਾਲੀ ਦਲ ਕਿਸਾਨਾਂ ਦੀ ਆਪਣੀ ਜਥੇਬੰਦੀ ਹੈ, ਇਸ ਲਈ ਅਸੀਂ ਹਰ ਔਖੇ ਸਮੇਂ ਵਿੱਚ ਉਨ੍ਹਾਂ ਦੇ ਨਾਲ ਹਾਂ। ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਹਲਕਾ ਹੁਸ਼ਿਆਰਪੁਰ ਦੇ ਇੰਚਾਰਜ ਅਤੇ ਕੌਮੀ ਮੀਤ ਪ੍ਰਧਾਨ ਸੰਜੀਵ ਤਲਵਾੜ ਨੇ ਸਰਕਲ ਸਦਰ ਦੀ ਬੈਠਕ ਨੂੰ ਸੰਬੋਧਨ ਕਰਦਿਆਂ ਕੀਤਾ। ਸੰਜੀਵ ਤਲਵਾੜ ਨੇ ਕਿਹਾ, ਸੁਖਬੀਰ ਬਾਦਲ ਦੇ ਹੁਕਮਾਂ ਅਨੁਸਾਰ ਹੁਸ਼ਿਆਰਪੁਰ ਵਿਧਾਨ ਸਭਾ ਹਲਕਾ ਪੀੜਤ ਕਿਸਾਨਾਂ ਦੀ ਮਦਦ ਵਿੱਚ ਕੋਈ ਕਸਰ ਨਹੀਂ ਛੱਡੇਗਾ। ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਦੇ ਸਹਿਯੋਗ ਨਾਲ 200 ਕੁਇੰਟਲ ਕਣਕ ਇਕੱਠੀ ਕਰਕੇ ਪੀੜਤ ਕਿਸਾਨਾਂ ਤੱਕ ਪਹੁੰਚਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਅੱਜ ਪਹਿਲੀ ਬੈਠਕ ਵਿੱਚ ਹੀ 25 ਕੁਇੰਟਲ ਕਣਕ ਇਕੱਠੀ ਕਰ ਲਈ ਗਈ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਇਸ ਮੁਹਿੰਮ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਬੈਠਕ ਨੂੰ ਸਰਕਲ ਜਥੇਦਾਰ ਜਹਾਨਖੇਲਾਂ, ਜਗਤਾਰ ਸਿੰਘ, ਇਕਬਾਲ ਸਿੰਘ ਗੋਪੀ ਅਤੇ ਸਰਕਲ ਸਦਰ ਦੇ ਜਥੇਦਾਰ ਪਰਮਜੀਤ ਸਿੰਘ ਤੇ ਹਰਜੀਤ ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਸਰਕਲ ਸਦਰ ਦੇ ਸਮੂਹ ਅਹੁਦੇਦਾਰ ਅਤੇ ਵਰਕਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ, ਜਿਨ੍ਹਾਂ ਨੇ ਕਿਸਾਨੀ ਸੰਘਰਸ਼ ਅਤੇ ਮਦਦ ਲਈ ਇੱਕਜੁੱਟ ਹੋਣ ਦਾ ਪ੍ਰਣ ਲਿਆ। **ਫੋਟੋ ਅਜਮੇਰ ਦੀਵਾਨਾ**

# ਰਕੇਸ਼ ਕੁਮਾਰ ਮਹਿਤਪੁਰ ਫੋਟੋਗ੍ਰਾਫਰਜ ਐਸੋਸੀਏਸ਼ਨ ਦੇ ਪ੍ਰਧਾਨ ਬਣੇ



**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਮਹਿਤਪੁਰ ਫੋਟੋਗ੍ਰਾਫਰਜ਼ ਐਸੋਸੀਏਸ਼ਨ ਵੱਲੋਂ ਇੱਕ ਵਿਸ਼ੇਸ਼ ਅਤੇ ਮਹੱਤਵਪੂਰਨ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਮੀਟਿੰਗ ਵਿੱਚ ਐਸੋਸੀਏਸ਼ਨ ਦੇ ਸਾਰੇ ਮੈਂਬਰ ਸਾਹਿਬਾਨ ਨੇ ਪੂਰੇ ਉਤਸ਼ਾਹ ਅਤੇ ਇਕਜੁੱਟਤਾ ਨਾਲ ਹਾਜ਼ਰੀ ਭਰੀ।

ਮੀਟਿੰਗ ਦੀ ਸ਼ੁਰੂਆਤ ਸਤਿਕਾਰਯੋਗ ਮੈਂਬਰਾਂ ਦੇ ਸਵਾਗਤ ਨਾਲ ਕੀਤੀ ਗਈ ਅਤੇ ਐਸੋਸੀਏਸ਼ਨ ਦੇ ਭਵਿੱਖੀ ਕਾਰਜਾਂ ਅਤੇ ਵਿਕਾਸ ਸੰਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ।

ਮੀਟਿੰਗ ਦੌਰਾਨ ਸਾਰੇ ਮੈਂਬਰਾਂ ਵੱਲੋਂ ਆਪਣੀਆਂ ਕੀਮਤੀ ਰਾਇਆਂ ਪੇਸ਼ ਕੀਤੀਆਂ ਗਈਆਂ ਅਤੇ ਸਹਿਮਤੀ ਨਾਲ ਐਸੋਸੀਏਸ਼ਨ ਦੇ ਨਵੇਂ ਪ੍ਰਧਾਨ ਦੀ ਚੋਣ ਲਈ ਪ੍ਰਕਿਰਿਆ ਪੂਰੀ ਕੀਤੀ ਗਈ। ਵਿਚਾਰ-ਵਿਮਰਸ਼ ਤੋਂ ਬਾਅਦ ਸਹਿਮਤੀ ਨਾਲ ਨਵੇਂ ਪ੍ਰਧਾਨ ਦੀ ਫਾਈਨਲ ਚੋਣ ਕੀਤੀ ਗਈ, ਜਿਸ ਨੂੰ ਸਾਰੇ ਮੈਂਬਰਾਂ ਵੱਲੋਂ ਮਨਜ਼ੂਰੀ ਦਿੱਤੀ ਗਈ।ਚੁਣੇ ਗਏ ਨਵੇਂ ਪ੍ਰਧਾਨ ਰਾਕੇਸ਼ ਕੁਮਾਰ ਨੂੰ ਸਾਰੇ ਮੈਂਬਰਾਂ ਵੱਲੋਂ ਦਿਲੋਂ ਵਧਾਈਆਂ ਦਿੱਤੀਆਂ ਗਈਆਂ ਅਤੇ ਉਨ੍ਹਾਂ ਦੇ ਨੇਤ੍ਰਿਤਵ ਹੇਠ ਐਸੋਸੀਏਸ਼ਨ ਨੂੰ ਹੋਰ ਉੱਚਾਈਆਂ ਤੱਕ ਲੈ ਜਾਣ ਦੀ ਉਮੀਦ ਜਤਾਈ ਗਈ। ਇਸ ਦੇ ਨਾਲ ਹੀ ਸਾਰੇ ਮੈਂਬਰਾਂ ਨੇ ਇਕੱਠੇ ਹੋ ਕੇ ਐਸੋਸੀਏਸ਼ਨ ਦੀ ਤਰੱਕੀ, ਇਕਤਾ ਅਤੇ ਭਲਾਈ ਲਈ ਮਿਲਜੁਲ ਕੇ ਕੰਮ ਕਰਨ ਦਾ ਵਾਅਦਾ ਕੀਤਾ।ਚੇਅਰਮੈਨ - ਕੁਲਵੰਤ ਸਿੰਘ, ਪ੍ਰਧਾਨ - ਰਾਕੇਸ਼ ਕੁਮਾਰ, ਸੈਕਟਰੀ - ਮਨੀਸ਼, ਖਜਾਨਚੀ - ਇੰਦਰਜੀਤ ਸਿੰਘ, ਮੀਤ ਪ੍ਰਧਾਨ - ਮਨਜੀਤ ਸਿੰਘ, ਪ੍ਰੈਸ ਸਕੱਤਰ - ਸੁਖਵਿੰਦਰ ਸਿੰਘ, ਜੋਆਇਟ ਸੈਕਟਰੀ - ਸੁਨੀਲ, ਜੋਆਇਟ ਸੈਕਟਰੀ - ਪ੍ਰਦੀਪ ਕੁਮਾਰ, ਸਲਾਹਕਾਰ - ਰੂਪ ਲਾਲ, ਫ੍.. - ਹਰਜਿੰਦਰ ਸਿੰਘ, ਮਨੀ, ਮਠਾੜੂ, ਪ੍ਰੀਤ ਹਾਂਡਾ, ਸਾਰੇ ਸ਼ਾਮਿਲ ਸਨ।ਪ੍ਰਧਾਨ ਰਾਕੇਸ਼ ਕੁਮਾਰ ਨੇ ਇਨ੍ਹਾਂ ਸਾਰਿਆਂ ਦਾ ਪਹੁੰਚਣ ਤੇ ਧੰਨਵਾਦ ਕੀਤਾ।ਮੀਟਿੰਗ ਦੇ ਅੰਤ ਵਿੱਚ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ।

# ਅਖੌਤੀ ਬਾਬਿਆਂ ਤੋਂ ਸਾਵਧਾਨ ਰਹਿਣ ਦੀ ਲੋੜ

ਇਕੱਲਾ ਪੰਜਾਬ ਹੀ ਨਹੀਂ ਭਾਰਤ ਦੇ ਕਈ ਹਿੱਸਿਆਂ ਵਿੱਚ ਅਖੌਤੀ ਬਾਬਿਆਂ ਅਤੇ ਉਨ੍ਹਾਂ ਦੇ ਡੇਰਿਆਂ ਦੀਆਂ ਗਤਿਵਿਧੀਆਂ ਨੇ ਗੰਭੀਰ ਚਿੰਤਾ ਪੈਦਾ ਕਰ ਦਿੱਤੀ ਹੈ। ਆਧਿਆਤਮਕਤਾ ਦੇ ਢੋਂਗ ਹੇਠ ਲੋਕਾਂ ਨੂੰ ਠੱਗਣ, ਨਾਰੀ ਸ਼ੋਸ਼ਣ, ਜਾਇਦਾਦ ਹੜਪਣ ਅਤੇ ਅਣਮੌਰਲ ਕੰਮਾਂ ਦੀਆਂ ਸੂਚਨਾਵਾਂ ਨੇ ਆਮ ਜਨਤਾ ਦੀ ਆਸਥਾ ਨੂੰ ਝਟਕਾ ਦਿੱਤਾ ਹੈ। ਇਨ੍ਹਾਂ ਅਖੌਤੀ ਬਾਬਿਆਂ ਵੱਲੋਂ ਡੇਰਿਆਂ ਵਿਚ ਲੋਕਾਂ ਨੂੰ ਚਮਤਕਾਰਾਂ ਦੇ ਝੂਠੇ ਦਾਅਵੇ ਕਰਕੇ ਫਸਾਇਆ ਜਾਂਦਾ ਹੈ। ਕਈ ਵਾਰ ਇਹ ਬਾਬੇ ਔਰਤਾਂ ਦੀ 'ਚੰਗੀ ਕਿਸਮਤ' ਦੇ ਨਾਂ 'ਤੇ ਉਨ੍ਹਾਂ ਨਾਲ ਜ਼ਬਰਦਸਤੀ ਜਾਂ ਭਰਮ ਵਿੱਚ ਪਾ ਕੇ ਅਣਚਾਹੇ ਸੰਬੰਧ ਬਣਾਉਂਦੇ ਹਨ। ਪਿਛਲੇ ਕੁਝ ਵਰ੍ਹਿਆਂ ਵਿੱਚ ਡੇਰਾ ਸੱਚਾ ਸੌਦਾ ਮੁੱਖੀ ਰਾਮ ਰਹੀਮ, ਆਸਾਰਾਮ ਅਤੇ ਹੋਰ ਕਈ ਮਾਮਲਿਆਂ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਕਿਵੇਂ ਇਹ ਢੋਂਗੀ ਆਪਣੇ ਡੇਰਿਆਂ ਵਿੱਚ ਅਪਰਾਧਕ ਗਤਿਵਿਧੀਆਂ ਚਲਾ ਰਹੇ ਸਨ। ਇਹ ਵੀ ਵੇਖਣਯੋਗ ਗੱਲ ਹੈ ਕਿ ਕਈ ਵਾਰ ਇਨ੍ਹਾਂ ਬਾਬਿਆਂ ਨੂੰ ਰਾਜਨੀਤਿਕ ਸਹਿਯੋਗ ਵੀ ਮਿਲਦਾ ਹੈ। ਉਨ੍ਹਾਂ ਦੇ ਲੱਖਾਂ ਅਨੁਯਾਈ ਹੋਣ ਕਰਕੇ, ਚੋਣਾਂ ਵਿਚ ਵੋਟਾਂ ਦੀ ਗਿਣਤੀ ਨੂੰ ਧਿਆਨ ਵਿਚ ਰੱਖਦਿਆਂ ਨੇਤਾ ਵੀ ਉਨ੍ਹਾਂ ਵਿਰੁੱਧ ਕਾਰਵਾਈ ਕਰਨ ਤੋਂ ਹਿਚਕਦੇ ਹਨ। ਇਹ ਸਿਸਟਮਿਕ ਸਹਿਯੋਗ ਅਜਿਹੇ ਢੋਂਗੀਆਂ ਨੂੰ ਹੋਰ ਵਧਣ ਦਾ ਮੌਕਾ ਦਿੰਦਾ ਹੈ। ਵਰਤਮਾਨ ਸਮੇਂ ਦੀ ਸਭ ਤੋਂ ਵੱਡੀ ਲੋੜ ਇਹ ਹੈ ਕਿ ਲੋਕ ਧਾਰਮਿਕ ਆਸਥਾ ਅਤੇ ਅੰਧਵਿਸ਼ਵਾਸ ਵਿਚ ਫਰਕ ਸਮਝਣ। ਵਿਦਵਾਨਾਂ ਅਤੇ ਸਮਾਜ ਸੇਵਕਾਂ ਦਾ ਕਹਿਣਾ ਹੈ ਕਿ ਆਧਿਆਤਮਕਤਾ ਵਿਅਕਤੀਕਤ ਤਜਰਬਾ ਹੈ, ਜਿਸ ਨੂੰ ਧਨ, ਜਾਇਦਾਦ ਜਾਂ ਅੰਧ ਅਨੁਸਰਣ ਨਾਲ ਨਹੀਂ ਜੋੜਿਆ ਜਾਣਾ ਚਾਹੀਦਾ। ਸਮਾਜਿਕ ਸੰਸਥਾਵਾਂ, ਮੀਡੀਆ ਅਤੇ ਵਿਦਿਆਲਈ ਪੱਧਰ 'ਤੇ ਜਾਗਰੂਕਤਾ ਮੁਹਿੰਮ ਚਲਾਕੇ ਹੀ ਅਜਿਹੀਆਂ ਠੱਗੀਆਂ ਨੂੰ ਰੋਕਿਆ ਜਾ ਸਕਦਾ ਹੈ।



**ਲਖਵਿੰਦਰ ਸਿੰਘ ਗਿੱਲ**
**9855271004**

# ਬਾਜਵਾ ਸਪੋਰਟਸ ਕਲੱਬ ਵੱਲੋਂ 8 ਸਕੂਲਾਂ ਦੇ 258 ਬੱਚਿਆਂ ਨੂੰ ਕਾਪੀਆਂ ਤੇ ਸਟੇਸ਼ਨਰੀ ਵੰਡੀ

**ਮੋਰਿੰਡਾ, (ਸੁਖਵਿੰਦਰ ਸਿੰਘ ਹੈਪੀ)**-ਬਾਜਵਾ ਸਪੋਰਟਸ ਐਂਡ ਹੈਲਪਿੰਗ ਹੈਂਡ ਕਲੱਬ ਮੋਰਿੰਡਾ ਵੱਲੋਂ ਸਮਾਜ ਸੇਵਾ ਦੇ ਤਹਿਤ ਪਿੰਡ ਬਲਦੇਵ ਨਗਰ, ਰਤਨਗੜ੍ਹ, ਬਡਵਾਲੀ, ਸ਼ਾਹਪੁਰ, ਬਹਬਲਪੁਰ, ਤਾਜਪੁਰ, ਚਲਾਕੀ ਅਤੇ ਦਾਤਾਰਪੁਰ ਦੇ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਕਾਪੀਆਂ ਅਤੇ ਹੋਰ ਸਟੇਸ਼ਨਰੀ ਵੰਡ ਕੇ ਇਕ ਸਰਾਹਣਯੋਗ ਮੁਹਿੰਮ ਚਲਾਈ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਲੱਬ ਦੇ ਪ੍ਰਧਾਨ ਮਨਦੀਪ ਸਿੰਘ ਬਾਜਵਾ ਨੇ ਦੱਸਿਆ ਕਿ ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰ ਵੀ ਕਲੱਬ ਵੱਲੋਂ ਲੋੜਵੰਦ ਬੱਚਿਆਂ ਦੀ ਸਹਾਇਤਾ ਲਈ ਇਹ ਉਪਰਾਲਾ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਅੱਜ 8 ਸਰਕਾਰੀ ਸਕੂਲਾਂ ਦੇ ਕੁੱਲ 258 ਬੱਚਿਆਂ ਨੂੰ ਕਾਪੀਆਂ ਅਤੇ ਸਟੇਸ਼ਨਰੀ ਵੰਡ ਕੇ ਇਸ ਮੁਹਿੰਮ ਨੂੰ ਅੱਗੇ ਵਧਾਇਆ ਗਿਆ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਇਹ ਕਾਰਜ ਲਗਾਤਾਰ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਹਰ ਵਿਅਕਤੀ ਨੂੰ ਆਪਣੀ




ਸਮਰੱਥਾ ਅਨੁਸਾਰ ਲੋੜਵੰਦਾਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਸਾਲ ਕਲੱਬ ਵੱਲੋਂ ਮੋਰਿੰਡਾ ਇਲਾਕੇ ਦੇ ਕਰੀਬ 60 ਪਿੰਡਾਂ ਦੇ ਸਕੂਲਾਂ ਵਿੱਚ ਲਗਭਗ 2,500 ਬੱਚਿਆਂ ਨੂੰ ਕਾਪੀਆਂ ਅਤੇ ਸਟੇਸ਼ਨਰੀ ਵੰਡੀਆਂ ਗਈਆਂ ਸਨ। ਇਸ ਮੌਕੇ ਅਮਰਜੀਤ ਸਿੰਘ ਲੱਲਾ ਰੌਣੀ, ਅਰਵਿੰਦਰ ਸਿੰਘ ਬੱਬੂ, ਮਨਜੀਤ ਸਿੰਘ ਥੇੜੀ ਅਤੇ ਜਸ਼ਨ ਹਾਜ਼ਰ ਸਨ। ਇਸ ਤੋਂ ਇਲਾਵਾ ਸਕੂਲਾਂ ਦੇ ਅਧਿਆਪਕਾਂ ਵਿੱਚ ਹੈੱਡ ਟੀਚਰ ਨਿਰਮਲ ਕੌਰ, ਸ਼ਿਵਾਨੀ ਮਹਾਜਨ, ਮਨਜੀਤ ਕੌਰ, ਜੀਨਤ, ਨਿਸ਼ਾ ਸ਼ਰਮਾ, ਪੂਰਨੀਤ ਕੌਰ, ਵਿਕਰਮਜੀਤ ਸਿੰਘ ਅਤੇ ਹਰਿੰਦਰ ਸਿੰਘ ਸਮੇਤ ਹੋਰ ਸਟਾਫ ਮੈਂਬਰ ਵੀ ਮੌਜੂਦ ਰਹੇ। ਸਮਾਗਮ ਦੌਰਾਨ ਗੁਰਜੀਤ ਸਿੰਘ ਬਿੱਟੂ, ਮਾਸਟਰ ਬਿੱਕਰ ਸਿੰਘ, ਸਕੂਲ ਟੀਚਰ ਸ੍ਰੀਮਤੀ ਕੁਲਦੀਪ ਕੌਰ, ਸ੍ਰੀਮਤੀ ਜਸਪ੍ਰੀਤ ਕੌਰ, ਗੁਰਮੀਤ ਸਿੰਘ ਚੋਪੜਾ ਸਮੇਤ ਕਈ ਮਕਬੂਲ ਵਿਅਕਤੀਆਂ ਨੇ ਕਲੱਬ ਦੀ ਇਸ ਪਹਿਲ ਦੀ ਭਰਪੂਰ ਸਰਾਹਨਾ ਕਰਦਿਆਂ ਕਿਹਾ ਕਿ ਅਜਿਹੀਆਂ ਸਮਾਜਿਕ ਸੇਵਾਵਾਂ ਸਮਾਜ ਲਈ ਪ੍ਰੇਰਣਾ ਦਾ ਸਰੋਤ ਹਨ ਅਤੇ ਇਨ੍ਹਾਂ ਨੂੰ ਲਗਾਤਾਰ ਜਾਰੀ ਰੱਖਣਾ ਚਾਹੀਦਾ ਹੈ।

# ਕਿਸਾਨ ਸਰਕਾਰੀ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈਣ: ਡਾ. ਸੁਖਵਿੰਦਰ ਕੁਮਾਰ

**ਨਵਾਂਸ਼ਹਿਰ , 10 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਕਿਸਾਨਾਂ ਨੂੰ ਸਾਉਣੀ ਦੀਆਂ ਫਸਲਾਂ ਬਾਰੇ ਤਕਨੀਕੀ ਜਾਣਕਾਰੀ ਦੇਣ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵਲੋਂ ਜ਼ਿਲ੍ਹਾ ਪੱਧਰੀ ਕਿਸਾਨ ਮੇਲਾ ਬਜਾਜ ਪੈਲੇਸ, ਬੰਗਾ-ਮੁਕੰਦਪੁਰ ਰੋਡ, ਤਹਿਸੀਲ-ਬੰਗਾ ਵਿਖੇ ਲਗਾਇਆ ਗਿਆ। ਇਸ ਮੇਲੇ ਵਿਚ ਡਾ. ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਹਲਕਾ ਬੰਗਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਉਹਨਾਂ ਨੇ ਕਿਸਾਨਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖੇਤੀ ਦੇ ਧੰਦੇ ਨੂੰ ਲਾਹੇਵੰਦ ਬਣਾਉਣ ਲਈ ਖੇਤੀਬਾੜੀ ਵਿਭਾਗ ਦੇ ਮਾਹਿਰਾਂ ਦੁਆਰਾ ਸਿਫਾਰਿਸ਼ ਕੀਤੇ ਬੀਜ, ਖਾਦ ਅਤੇ ਦਵਾਈਆਂ ਦੀ ਹੀ ਵਰਤੋਂ ਕਰਨ। ਉਹਨਾਂ ਕਿਹਾ ਕਿ ਸਰਕਾਰ ਦੀ ਸਕੀਮ "ਪਾਣੀ ਬਚਾਓ ਪੈਸਾ ਬਚਾਓ" ਤਹਿਤ ਵੱਧ ਤੋਂ ਵੱਧ ਕਿਸਾਨ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਹੋਰ ਡਿੱਗਣ ਤੋਂ ਬਚਾਉਣ ਦੇ ਨਾਲ ਚੰਗਾ ਮੁਨਾਫਾ ਵੀ ਕਮਾ ਸਕਦੇ ਹਨ। ਇਸ ਕਿਸਾਨ ਮੇਲੇ ਵਿਚ ਡਾ.ਸੁਖਵਿੰਦਰ ਕੁਮਾਰ ਸੁੱਖੀ ਵਲੋਂ ਖੇਤੀਬਾੜੀ ਵਿਭਾਗ, ਸਹਿਯੋਗੀ ਮਹਿਕਮਿਆਂ ਅਤੇ ਸੈਲਫ ਹੈਲਪ ਗੁਰੱਪਾਂ ਵਲੋਂ ਲਗਾਈਆਂ ਗਈਆਂ ਪ੍ਰਦਰਸ਼ਨੀਆਂ ਦੀ ਵਿਜਿਟ ਵੀ ਕੀਤੀ ਗਈ। ਉਹਨਾਂ ਆਪਣੇ ਸੰਬੋਧਨ ਵਿਚ ਕਿਹਾ ਕਿ ਖਾਦ ਵਿਕ੍ਰੇਤਾਵਾਂ ਦੁਆਰਾ ਕਿਸਾਨਾਂ ਨੂੰ ਖਾਦ ਵੇਚਣ ਸਮੇਂ ਕਿਸੇ ਵੀ ਕਿਸਮ ਦੀ ਟੈਗਿੰਗ ਨਾ ਕੀਤੀ ਜਾਵੇ। ਸਰਕਾਰ ਕਿਸਾਨਾਂ ਦੀ ਕਣਕ ਦੀ ਫਸਲ ਦਾ ਦਾਣਾ ਦਾਣਾ ਚੁੱਕਣ ਲਈ ਬਚਨਬੱਧ ਹੈ ਅਤੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਿਸਾਨ ਮੰਡੀ ਵਿਚ ਸੁੱਕੀ ਕਣਕ ਹੀ ਲੈ ਕੇ ਆਉਣ। ਸ੍ਰੀਮਤੀ ਹਰਪ੍ਰੀਤ ਕੌਰ ਸੰਯੁਕਤ ਡਾਇਰੈਕਟਰ ਖੇਤੀਬਾੜੀ (ਅੰਕੜਾ) ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਕਿਸਾਨਾਂ ਦੁਆਰਾ ਖੇਤੀਬਾੜੀ ਵਿਭਾਗ ਅੰਦਰ ਚੱਲ ਰਹੀਆਂ ਕਿਸਾਨ ਭਲਾਈ ਸਕੀਮਾਂ ਦਾ ਲਾਭ ਲੈਣ ਲਈ ਪੰਜਾਬ ਸਰਕਾਰ ਵਲੋਂ ਚਲਾਈ ਜਾ ਰਹੀ ਐਗਰੀਸਟੈਕ ਸਕੀਮ ਅਧੀਨ ਫਾਰਮਰ ਆਈ.ਡੀ. ਜਰੂਰ ਬਣਾਈ ਜਾਵੇ। ਉਹਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਫਸਲਾਂ ਵਿੱਚ ਖਾਦਾਂ ਅਤੇ ਦਵਾਈਆਂ ਦੀ ਵਰਤੋਂ ਪੀ.ਏ.ਯੂ ਲੁਧਿਆਣਾ ਦੀਆਂ ਸਿਫਾਰਿਸ਼ਾ ਅਨੁਸਾਰ ਕੀਤੀ ਜਾਵੇ। ਕਿਸਾਨ ਮੇਲੇ ਵਿੱਚ ਸ੍ਰੀ ਵਿਪਨ ਭੰਡਾਰੀ ਐੱਸ.ਡੀ.ਐੱਮ ਬੰਗਾ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਡਾ. ਲੇਖ ਰਾਜ ਬੇਗੋਵਾਲ ਮੁੱਖ ਖੇਤੀਬਾੜੀ ਅਫਸਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਜ਼ਿਲ੍ਹਾ ਭਰ ਤੋਂ ਆਏ ਕਿਸਾਨਾਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਸਾਉਣੀ ਸੀਜਨ 2026 ਦੌਰਾਨ ਮੱਕੀ ਹੇਠ 9,000 ਹੈਕ., ਝੋਨੇ ਹੇਠ 60800 ਹੈਕ.,ਗੰਨੇ ਹੇਠ 6000 ਹੈਕ., ਦਾਲਾਂ ਹੇਠ 230 ਹੈਕ. ਰਕਬਾ ਲਿਆਂਦਾ ਜਾਵੇਗਾ। ਕਿਸਾਨਾਂ ਨੂੰ ਮਿਆਰੀ ਕਿਸਮ ਦੇ ਬੀਜ/ਖਾਦਾਂ/ਕੀੜੇਮਾਰ ਦਵਾਈਆਂਮੁਹੱਈਆ ਕਰਵਾਉਣ ਲਈ ਵਿਭਾਗ ਵਲੋਂ ਬਿਲ ਚੈਕਿੰਗ ਮੁਹਿੰਮ ਚਲਾਈ ਜਾਵੇਗੀ। ਉਹਨਾਂ ਇਹ ਵੀ ਕਿਹਾ ਕਿ ਪੰਜਾਬ ਵਿਚ ਕਿਸਾਨਾਂ ਵਲੋਂ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਲਈ ਸੀ.ਆਰ.ਐੱਮ ਸਾਲ 2026-27



ਦੌਰਾਨ ਵੱਖ-ਵੱਖ ਮਸ਼ੀਨਰੀ ਉਪਦਾਨ ਤੇ ਦੇਣ ਲਈ ਆਨ ਲਾਈਨ ਪੋਰਟਲ ਤੇ ਬਿਨੈ ਪੱਤਰਾਂ ਦੀ ਮੰਗ ਕੀਤੀ ਗਈ ਹੈ। ਇਸ ਮੌਕੇ ਉਹਨਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਅੱਜ ਦੇ ਸਮੇਂ ਦੀ ਲੋੜ "ਕੁਦਰਤੀ ਸੋਮਿਆਂ ਦੀ ਸੰਭਾਲ" ਕਰਦੇ ਹੋਏ ਨਵੀਆਂ ਤਕਨੀਕਾਂ ਨੂੰ ਅਪਣਾ ਕੇ ਖੇਤੀ ਕਰਨ ਤਾਂ ਜੋ ਬੇਲੋੜੀਆਂ ਖਾਦਾਂ ਅਤੇ ਕੀੜੇਮਾਰ ਦਵਾਈਆਂ ਦੀ ਵਧੇਰੀ ਵਰਤੋਂ ਤੋਂ ਗੁਰੇਜ਼ ਕਰਕੇ, ਖੇਤੀ ਵਿੱਚ ਖਰਚੇ ਘਟਾ ਕੇ ਵੱਧ ਮੁਨਾਫਾ ਲਿਆ ਜਾ ਸਕੇ। ਸਤਨਾਮ ਸਿੰਘ ਜਲਵਾਹਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਿਸਾਨ ਤੇਲ ਬੀਜ ਫਸਲਾਂ ਹੇਠ ਰਕਬਾ ਵਧਾਉਣ ਤਾਂ ਜੋ ਪੰਜਾਬ ਵਿੱਚ ਫਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਉਹਨਾਂ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਕਿਸਾਨ ਪੱਖੀ ਸਕੀਮਾਂ ਦਾ ਵੱਧ ਤੋਂ ਵੱਧ ਲਾਹਾ ਲੈਣਾ ਚਾਹੀਦਾ ਹੈ ਅਤੇ ਕਿਸਾਨਾਂ ਨੂੰ ਆਪਣੀ ਬਿਜਾਈ ਕਰਨ ਤੋਂ ਪਹਿਲਾਂ ਜ਼ਿਲ੍ਹੇ ਦੇ ਖੇਤੀ ਮਾਹਿਰਾਂ ਤੋਂ ਸੇਧ ਲੈਣੀ ਚਾਹੀਦੀ ਹੈ ਤਾਂ ਜੋ ਫਸਲਾਂ ਤੋਂ ਵੱਧ ਤੋਂ ਵੱਧ ਮੁਨਾਫਾ ਲਿਆ ਜਾ ਸਕੇ। ਇਸ ਤੋਂ ਇਲਾਵਾ ਡਾ. ਕ੍ਰਿਸ਼ਨ ਦੁੱਗਲ ਭੂਮੀ ਰੱਖਿਆ ਵਿਭਾਗ, ਡਾ.ਰਾਜੇਸ਼ ਕੁਮਾਰ ਬਾਗਬਾਨੀ ਵਿਭਾਗ, ਸ.ਸਰਬਜੀਤ ਸਿੰਘ ਨਿੱਝਰ ਮੱਛੀ ਪਾਲਣ ਵਿਭਾਗ ਦੇ ਮਹਿਰਾਂ ਵਲੋਂ ਆਪਣੇ ਆਪਣੇ ਵਿਭਾਗ ਦੀਆਂ ਸਕੀਮਾਂ ਬਾਰੇ ਜਾਣਕਾਰੀ ਦਿੱਤੀ।

ਡਾ. ਪ੍ਰਦੀਪ ਕੁਮਾਰ ਡਿਪਟੀ ਡਾਇਰੈਕਟਰ ਕ੍ਰਿਸ਼ੀ ਵਿਗਿਆਨ ਕੇਂਦਰ ਲੰਗੜੋਆ ਅਤੇ ਉਹਨਾਂ ਦੀ ਟੀਮ ਵਲੋਂ ਕਿਸਾਨ ਮੇਲੇ ਵਿੱਚ ਕਿਸਾਨਾਂ ਨੂੰ ਫਸਲਾਂ ਸੰਬੰਧੀ ਸੰਪੂਰਨ ਤਕਨੀਕੀ ਜਾਣਕਾਰੀ ਦਿੱਤੀ ਗਈ। ਇਸ ਮੋਕੇ ਡਾ. ਕੁਲਵਿੰਦਰ ਕੌਰ ਏ.ਪੀ.ਪੀ.ਓ. ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ। ਇਸ ਮੋਕੇ ਡਾ. ਰਾਜ ਕੁਮਾਰ ਏ.ਓ. ਔੜ, ਡਾ.ਲਛਮਣ ਦਾਸ ਏ.ਓ. ਬੰਗਾ, ਡਾ. ਪੰਕਜ਼ ਸਿੰਘ ਏ.ਓ. ਬਲਾਚੌਰ, ਡਾ.ਨਿਤਿਨ ਏ.ਓ. ਸੜੋਆ, ਡਾ. ਵਿਜੈ ਕੁਮਾਰ ਏ.ਡੀ.ਓ.(ਇਨਫੋ.),ਇੰਜੀ:ਚੰਦਨ ਸ਼ਰਮਾ ਅਤੇ ਡਾ. ਕਮਲਦੀਪ ਸਿੰਘ ਪ੍ਰੋਜੈਕਟ ਡਾਇਰੈਕਟਰ ਆਤਮਾ, ਡਾ.ਪਰਮਵੀਰ ਡੀਪੀਡੀ ਅਤੇ ਯੋਗੇਸ਼ ਕੁਮਾਰ ਬੱਸੀ ਹਾਜ਼ਰ ਸਨ। ਇਸ ਤੋਂ ਇਲਾਵਾ ਸ਼੍ਰੀ ਸੰਦੀਪ ਸਿੰਘ ਭੰਗਲ ਕਲਾਂ, ਗੁਰ-ਪਾਲ ਸਿੰਘ ਸੋਨਾ, ਸੁਰਜੀਤ ਸਿੰਘ ਲੰਗੇਰੀ, ਸੋਮਨਾਥ ਹੁਸੈਨਪੁਰ, ਬਲਦੇਵ ਸਿੰਘ ਬੀਕਾ,ਪਰਮਜੀਤ ਸਿੰਘ ਜਾਨੀਆਂ ਸ੍ਰੀ ਜੁਝਾਰ ਸਿੰਘ ਕਟਾਰੀਆਂ, ਸ੍ਰੀ ਮਹਿੰਦਰ ਸਿੰਘ ਖਾਲਸਾ, ਸ੍ਰੀ ਉਤਮ ਸਿੰਘ ਨਾਮਧਾਰੀ ਸੀਡ ਸਟੋਰ, ਗੁਰਨਾਮ ਸਿੰਘ ਕਰਨਾਣਾ, ਬਲਵੀਰ ਸਿੰਘ ਮਾਜਰਾ ਜੱਟਾਂ, ਕੁਲਦੀਪ ਸਿੰਘ ਘਟਾਰੋਂ, ਹਰਵਿੰਦਰ ਸਿੰਘ ਸੂੰਢ ਆਦਿ ਹਾਜ਼ਰ ਸਨ। ਅਗਾਂਹ ਵਧੂ ਕਿਸਾਨ ਸ. ਮਹਿੰਦਰ ਸਿੰਘ ਦੁਸਾਂਝ ਨੇ ਮੇਲੇ ਵਿੱਚ ਆਏ ਕਿਸਾਨਾਂ ਦਾ ਧੰਨਵਾਦ ਕੀਤਾ। ਜਿਲ੍ਹੇ ਦੇ ਵੱਖ-ਵੱਖ ਹਿੱਸਿਆਂ ਤੋਂ ਆਏ 1000 ਤੋਂ ਵੱਧ ਕਿਸਾਨ ਅਤੇ ਕਿਸਾਨ ਬੀਬੀਆਂ ਨੇ ਇਸ ਕੈਂਪ ਵਿੱਚ ਭਾਗ ਲਿਆ।


for more news visit:
www.samajweekly.com

# ਮੁਹੱਬਤ ਰੱਬ ਨਾਲ ਕਰੋ

ਜਿਹੜਾ ਕਦੇ ਨਾ ਧੋਖਾ ਦੇਵੇ,ਨਾ ਹੀ ਗਿਰਗਿਟ ਵਾਂਗੂੰ ਰੰਗ ਬਦਲੇ। ਉਸ ਨਾਲ ਕਰੋ ਮੁਹੱਬਤ ਰੱਜਕੇ, ਉਸੇ ਨੇ ਹੱਲ ਕਰਨੇ ਸਭ ਮਸਲੇ। ਨਾ ਉਹ ਕਦੀ ਧੱਕਾ ਕਰਦਾ, ਨਾ ਤੁਹਾਨੂੰ ਕੋਈ ਆਂਚ ਆਉਣ ਦੇਵੇ। ਸਦਾ ਠੰਡੀਆਂ ਛਾਵਾਂ ਕਰਦਾ, ਵੰਡਦਾ ਮਿੱਠੇ ਮੇਵੇ। ਸੱਚ ਨੂੰ ਪਿਆਰਨ ਵਾਲਿਆਂ ਨੂੰ ਕੋਈ ਨ੍ਹੀਂ ਪੁੱਛਦਾ, ਪੁੱਛ ਉਨ੍ਹਾਂ ਦੀ ਹੁੰਦੀ, ਜੋ ਕਰਦੇ ਦਿਖਾਵੇ। ਸੱਚ ਵਾਲਿਆਂ ਨੂੰ ਤਾਂ ਆਪਣਾ ਘੋੜਾ ਭਜਾਈ ਰੱਖਣਾ ਪੈਂਦਾ, ਜਦੋਂ ਤੱਕ ਮੰਜ਼ਿਲ ਨਾ ਮਿਲ ਜਾਵੇ। ਤਰੱਦਦ ਤਾਂ ਕਰਨਾ ਹੀ ਪੈਂਦਾ, ਤਾਂ ਕਿ ਭੋਜਨ ਦਾ ਜੁਗਾੜ ਹੋ ਜਾਵੇ। ਕੋਸ਼ਿਸ਼ਾਂ ਦਾ ਨਤੀਜਾ ਉਸ ਦੇਣਾ, ਚੰਗਾ ਕੀਤਾ ਵਿਅਰਥ ਨਾ ਜਾਵੇ। ਰੁਕਣਾ ਨਹੀਂ ਚਲਦੇ ਹੈ ਜਾਣਾ,ਹਰ ਮੋੜ ਤੇ।ਸਾਵਧਾਨੀ ਨਾਲ ਬਚਕੇ, ਅਪਣੇ ਜ਼ੋਰ ਤੇ। ਅਪਣੇ ਅੰਤਰਾਲ ਮੁਜਬ ਚੱਲੋ,ਸੰਭਾਲਕੇ। ਵੱਡੇ ਵੱਡੇ ਖਿਲਾੜੀਆਂ ਦੇ, ਨਾ ਨੁਕਸ ਕੱਢੋ ਜ਼ਫ਼ਰ ਜਾਲਕੇ। ਹਰ ਕੋਈ ਅਪਣੀ ਥਾਂ ਉੱਤੇ ਸਹੀ ਹੈ, ਚਸ਼ਮੇ ਸੂਝ ਦੇ ਵਰਤੋ ਸਿਆਣਪ ਨਾਲ। ਜ਼ਿੰਦਗੀ ਇਸੇ ਦਾ ਨਾਮ ਹੈ, ਰਲਮਿਲ ਕੇ ਪਾਓ ਧਮਾਲ। ਟਰੰਪ ਵਰਗੇ ਮਾਇਆਧਾਰੀ, ਹੰਕਾਰੀ, ਬੰਦਿਆਂ ਦਾ ਹਿਤ, ਮੁੜ ਮੁੜ ਜਾਗਦਾ। ਅਪਣੇ ਆਪ ਨੂੰ ਇਨ੍ਹਾਂ ਅਲਾਮਤਾਂ ਤੋਂ ਨਿਰਲੇਪ ਕਰਦੇ,ਪਰ ਉਨ੍ਹਾਂ ਦਾ ਅੰਦਰਲਾ ਹੇਹਾ, ਲਾਲਚ ਨਹੀਂ ਤਿਆਗਦਾ। ਸਾਮਰਾਜਵਾਦੀ ਕੁੱਕੜਾਂ ਨੂੰ ਕੋਈ ਸਮਝਾ ਨਹੀਂ ਸਕਦਾ, ਇਨ੍ਹਾਂ ਦੀ ਆਪਣੀ ਫਿਲਾਸਫੀ ਹੁੰਦੀ, ਇਹਨਾਂ ਨੂੰ ਕੋਈ ਝੁਕਾ ਨਹੀਂ ਸਕਦਾ।


Men Watch
Luminous Luxury


Is it True That God
Sees Everything? |



ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ–ਆਬਾਦ #639/40ਏ, ਚੰਡੀਗੜ੍ਹ
ਫੋਨ ਨੰਬਰ : 9878469639

## ਅੰਬੇਡਕਰ ਸੈਨਾ ਪੰਜਾਬ ਵਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਨ ਨੂੰ ਸਮਰਪਿਤ ਵਿਸ਼ਾਲ ਖੂਨਦਾਨ ਕੈਂਪ 12 ਨੂੰ




**ਫਿਲੌਰ/ਅੱਪਰਾ (ਦੀਪਾ)–** ਅੰਬੇਡਕਰ ਸੈਨਾ ਪੰਜਾਬ ਵਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਨ ਨੂੰ ਸਮਰਪਿਤ ਵਿਸ਼ਾਲ ਖੂਨਦਾਨ ਕੈਂਪ ਡਾ. ਬੀ. ਆਰ. ਅੰਬੇਡਕਰ ਬਲੱਡ ਆਰਗੇਨਾਈਜੇਸ਼ਨ ਫਗਵਾੜਾ ਦੇ ਸਹਿਯੋਗ ਨਾਲ ਮਿਤੀ 12 ਅਪ੍ਰੈਲ ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ 4 ਵਜੇ ਤੱਕ ਸ੍ਰੋਮਣੀ ਸ੍ਰੀ ਗੁਰੂ ਰਵਿਦਾਸ ਮੰਦਿਰ ਚੱਕ ਹਕੀਮ ਫਗਵਾੜਾ ਵਿਖੇ ਲਗਾਇਆ ਜਾ ਰਿਹਾ ਹੈ । ਇਸ ਮੌਕੇ ਮੁੱਖ ਮਹਿਮਾਨ ਦੇ ਤੌਰ 'ਤੇ ਸੰਤ ਸਮਾਜ, ਰਾਜਨੀਤਿਕ ਲੋਕ, ਬੁੱਧੀਜੀਵੀ ਤੇ ਸਮਾਜ ਸੈਵੀ ਸਾਥੀ ਹਾਜ਼ਰ ਹੋਣਗੇ ।

## ਚੇਅਰਮੈਨ ਸਤਨਾਮ ਜਲਾਲਪੁਰ ਵੱਲੋਂ ਪਿੰਡ ਸਿੰਘਪੁਰ ਦੇ ਖੇਡ ਮੈਦਾਨ ਲਈ 1.50 ਲੱਖ ਰੁਪਏ ਦੀ ਗਰਾਂਟ ਜਾਰੀ



**ਬਲਾਚੌਰ 10 ਅਪ੍ਰੈਲ ( ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਸਰਵਪੱਖੀ ਵਿਕਾਸ ਅਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਦੀ ਮੁਹਿੰਮ ਤਹਿਤ ਅੱਜ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਸਿੰਘ ਜਲਾਲਪੁਰ ਨੇ ਪਿੰਡ ਸਿੰਘਪੁਰ ਦਾ ਵਿਸ਼ੇਸ਼ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਨੇ ਪਿੰਡ ਵਿੱਚ ਖੇਡ ਮੈਦਾਨ ਦੀ ਉਸਾਰੀ ਅਤੇ ਸਾਂਭ–ਸੰਭਾਲ ਲਈ ਡੇਢ ਲੱਖ ਰੁਪਏ ਦੀ ਵਿਸ਼ੇਸ਼ ਗਰਾਂਟ ਦਾ ਚੈੱਕ ਪੰਚਾਇਤ ਨੂੰ ਸੌਂਪਿਆ।ਇਸ ਮੌਕੇ ਉਨ੍ਹਾਂ ਦੇ ਨਾਲ ਮਾਰਕੀਟ ਕਮੇਟੀ ਦੇ ਚੇਅਰਮੈਨ ਸੇਠੀ ਉਦਨੋਵਾਲ ਅਤੇ ਆਮ ਆਦਮੀ ਪਾਰਟੀ ਦੇ ਯੂਥ ਆਗੂ ਪ੍ਰਿੰਸ ਚੌਧਰੀ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਗਰਾਂਟ ਸੌਂਪਣ ਮੌਕੇ ਚੇਅਰਮੈਨ ਸਤਨਾਮ ਜਲਾਲਪੁਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦਾ ਮੁੱਖ ਮਕਸਦ ਪੰਜਾਬ ਦੇ ਗੱਭਰੂਆਂ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢ ਕੇ ਖੇਡ ਮੈਦਾਨਾਂ ਵੱਲ ਮੋੜਨਾ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਖੇਡ ਸਹੂਲਤਾਂ ਦੀ ਘਾਟ ਨੂੰ ਦੂਰ ਕਰਨਾ ਉਨ੍ਹਾਂ ਦੀ ਪਹਿਲ ਹੈ ਤਾਂ ਜੋ ਪੇਂਡੂ ਖੇਤਰ ਦੇ ਖਿਡਾਰੀ ਵੀ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਨਾਮ ਚਮਕਾ ਸਕਣ।ਇਸ ਮੌਕੇ ਪਿੰਡ ਦੀ ਪੰਚਾਇਤ ਅਤੇ ਇਲਾਕਾ ਨਿਵਾਸੀਆਂ ਨੇ ਚੇਅਰਮੈਨ ਜਲਾਲਪੁਰ ਦਾ ਨਿੱਘਾ ਸਵਾਗਤ ਕੀਤਾ ਅਤੇ ਵਿਸ਼ੇਸ਼ ਧੰਨਵਾਦ ਪ੍ਰਗਟਾਇਆ। ਪਿੰਡ ਦੇ ਪਤਵੰਤਿਆਂ ਨੇ ਕਿਹਾ ਕਿ ਅੱਜ ਤੱਕ ਕਿਸੇ ਵੀ ਪਿਛਲੀ ਸਰਕਾਰ ਨੇ ਉਨ੍ਹਾਂ ਦੇ ਪਿੰਡ ਦੀ ਅਜਿਹੀ ਸਾਰ ਨਹੀਂ ਲਈ ਸੀ। ਉਨ੍ਹਾਂ ਕਿਹਾ ਕਿ ਚੇਅਰਮੈਨ ਜਲਾਲਪੁਰ ਵੱਲੋਂ ਪਿੰਡ ਦੀਆਂ ਲੋੜਾਂ ਨੂੰ ਸਮਝਦੇ ਹੋਏ ਜੋ ਇਹ ਕਦਮ ਚੁੱਕਿਆ ਗਿਆ ਹੈ, ਉਹ ਬਹੁਤ ਹੀ ਸ਼ਲਾਘਾਯੋਗ ਹੈ।ਇਸ ਪ੍ਰੋਗਰਾਮ ਦੌਰਾਨ ਸਰਪੰਚ ਰੂਪ ਲਾਲ, ਕਬੱਡੀ ਪ੍ਰਮੋਟਰ ਓਮੀ ਸਿੰਘਪੁਰ, ਮਦਨ ਲਾਲ ਚੇਚੀ, ਸ਼ੀਸ਼ਨਪਾਲ ਬਿੱਟੂ, ਕੈਪਟਨ ਅਮਰ ਚੰਦ, ਨੰਦ ਲਾਲ, ਅੱਛਰ ਰਾਮ, ਸ਼ਿੰਦਾ ਠੇਕੇਦਾਰ, ਉਕਾਰ ਖੇਪੜ, ਲੱਕੀ ਪ੍ਰਧਾਨ, ਜਸਵੀਰ ਕਾਕੂ, ਭਿੰਦਰ ਠੇਕੇਦਾਰ ਅਤੇ ਰੋਹਿਤ ਫੌਜੀ ਸਮੇਤ ਭਾਰੀ ਗਿਣਤੀ ਵਿੱਚ ਪਿੰਡ ਵਾਸੀ ਅਤੇ ਪਾਰਟੀ ਵਰਕਰ ਹਾਜ਼ਰ ਸਨ।




## ਜਨਮਦਿਨ ਮੁਬਾਰਕ




**ਬਾਨੀ ਕੌਰ**

**ਪਿਤਾ ਭੁਪਿੰਦਰ ਸਿੰਘ ਵਾਸੀ ਇਟਲੀ ਨੂੰ ਜਨਮ ਦਿਨ ਦੀਆਂ ਬਹੁਤ ਬਹੁਤ ਵਧਾਈਆਂ ਹੋਣ।**

# ''ਵਿਦਿਅਕ ਕ੍ਰਾਂਤੀ ਸਮੇਂ ਦੀ ਲੋੜ ਹੈ'': ਮਨੀਸ਼ ਸਿਸੋਦੀਆ

**ਨਵਾਂਸ਼ਹਿਰ /ਕਾਠਗੜ੍ਹ 10 ਅਪ੍ਰੈਲ ( ਜਤਿੰਦਰ ਪਾਲ ਸਿੰਘ ਕਲੇਰ )** ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ, ਪੰਜਾਬ ਨੇ ਰਿਆਤ ਕਾਲਜ ਆਫ਼ ਐਜੂਕੇਸ਼ਨ ਦੇ ਸਹਿਯੋਗ ਨਾਲ, "ਲੀਡ ਕਰਨਾ ਸਿੱਖਣਾ, ਸਫਲਤਾ ਲਈ ਹੁਨਰ" ਵਿਸ਼ੇ 'ਤੇ ਇੱਕ ਇੰਟਰਐਕਟਿਵ ਸੈਸ਼ਨ ਦਾ ਆਯੋਜਨ ਕੀਤਾ।

ਦਿੱਲੀ ਦੇ ਸਾਬਕਾ ਸਿੱਖਿਆ ਮੰਤਰੀ ਅਤੇ ਦਿੱਲੀ ਵਿੱਚ ਵਿਦਿਅਕ ਸੁਧਾਰਾਂ ਦੇ ਮੋਢੀ ਵਜੋਂ ਜਾਣੇ ਜਾਂਦੇ ਸ਼੍ਰੀ ਮਨੀਸ਼ ਸਿਸੋਦੀਆ ਨੇ ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਆਪਣੇ ਸੰਬੋਧਨ ਵਿੱਚ, ਸ਼੍ਰੀ ਸਿਸੋਦੀਆ ਨੇ ਮੌਜੂਦਾ ਅਤੇ ਚਾਹਵਾਨ ਸਿੱਖਿਅਕਾਂ ਦੋਵਾਂ ਦੀ ਮਾਨਸਿਕਤਾ ਨੂੰ ਬਦਲਣ ਦੀ ਤੁਰੰਤ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸਿੱਖਿਆ ਦਾ ਉਦੇਸ਼ ਸਿਰਫ਼ ਵਿਅਕਤੀਆਂ ਨੂੰ ਦੂਜਿਆਂ ਲਈ ਕੰਮ ਕਰਨ ਲਈ ਤਿਆਰ ਕਰਨਾ ਨਹੀਂ ਹੋਣਾ ਚਾਹੀਦਾ, ਸਗੋਂ ਸਿਖਿਆਰਥੀਆਂ ਨੂੰ ਸਵੈ-ਨਿਰਭਰ ਬਣਨ ਅਤੇ ਆਪਣੇ ਵਿਕਾਸ ਸਫ਼ਰਾਂ ਨੂੰ ਸਰਗਰਮੀ ਨਾਲ ਆਕਾਰ ਦੇਣ ਲਈ ਸਮਰੱਥ ਬਣਾਉਣਾ ਹੋਣਾ ਚਾਹੀਦਾ ਹੈ।

ਉਨ੍ਹਾਂ ਅੱਗੇ ਟਿੱਪਣੀ ਕੀਤੀ ਕਿ ਭਾਰਤ ਦਾ ਵਿਕਾਸਸ਼ੀਲ ਤੋਂ ਵਿਕਸਤ ਰਾਸ਼ਟਰ ਵਿੱਚ ਤਬਦੀਲੀ ਸਿਰਫ਼ ਇੱਕ ਉਦਯੋਗਿਕ ਕ੍ਰਾਂਤੀ ਦੁਆਰਾ ਨਹੀਂ, ਸਗੋਂ ਇੱਕ ਸਿੱਖਿਆ ਕ੍ਰਾਂਤੀ ਦੁਆਰਾ ਚਲਾਈ ਜਾਵੇਗੀ - ਜਿਸਦੀ ਅਗਵਾਈ ਦੇਸ਼ ਦੇ ਨੌਜਵਾਨਾਂ ਦੁਆਰਾ ਕੀਤੀ ਜਾਣੀ ਚਾਹੀਦੀ ਹੈ।

ਇੱਕ ਪ੍ਰੇਰਨਾਦਾਇਕ ਅਤੇ ਵਿਚਾਰ-ਉਕਸਾਊ ਭਾਸ਼ਣ ਦਿੰਦੇ ਹੋਏ, ਸ਼੍ਰੀ ਸਿਸੋਦੀਆ ਨੇ



ਲੀਡਰਸ਼ਿਪ, ਨਵੀਨਤਾ ਅਤੇ ਹੁਨਰ-ਅਧਾਰਤ ਸਿੱਖਿਆ ਦੇ ਮਹੱਤਵ ਨੂੰ ਉਜਾਗਰ ਕੀਤਾ। ਉਨ੍ਹਾਂ ਵਿਦਿਆਰਥੀਆਂ ਨੂੰ ਇੱਕ ਵਧਦੀ ਗਤੀਸ਼ੀਲ ਦੁਨੀਆ ਵਿੱਚ ਪ੍ਰਭਾਵਸ਼ਾਲੀ ਨੇਤਾਵਾਂ ਵਜੋਂ ਉਭਰਨ ਲਈ ਆਲੋਚਨਾਤਮਕ ਸੋਚ, ਅਨੁਕੂਲਤਾ ਅਤੇ ਜ਼ਿੰਮੇਵਾਰੀ ਦੀ ਇੱਕ ਮਜ਼ਬੂਤ ਭਾਵਨਾ ਪੈਦਾ ਕਰਨ ਲਈ ਉਤਸ਼ਾਹਿਤ ਕੀਤਾ।

ਸੈਸ਼ਨ ਨੂੰ ਅੱਜ ਦੇ ਮੁਕਾਬਲੇ ਵਾਲੇ ਵਾਤਾਵਰਣ ਵਿੱਚ ਸਫਲ ਹੋਣ ਲਈ ਲੋੜੀਂਦੇ ਜ਼ਰੂਰੀ ਲੀਡਰਸ਼ਿਪ ਗੁਣਾਂ ਅਤੇ ਵਿਹਾਰਕ ਯੋਗਤਾਵਾਂ ਨਾਲ ਵਿਦਿਆਰਥੀਆਂ ਨੂੰ ਲੈਸ ਕਰਨ ਲਈ ਸੋਚ-ਸਮਝ ਕੇ ਤਿਆਰ ਕੀਤਾ ਗਿਆ ਸੀ। ਇੰਟਰਐਕਟਿਵ ਫਾਰਮੈਟ ਵਿੱਚ ਉਤੇਜਕ ਚਰਚਾਵਾਂ ਸ਼ਾਮਲ ਸਨ, ਅਸਲ ਜੀਵਨ ਦੀਆਂ ਉਦਾਹਰਣਾਂ, ਅਤੇ ਪ੍ਰੇਰਨਾਦਾਇਕ ਸੂਝਾਂ, ਭਾਗੀਦਾਰਾਂ ਨੂੰ ਉਨ੍ਹਾਂ ਦੇ ਨਿੱਜੀ ਅਤੇ ਪੇਸ਼ੇਵਰ ਵਿਕਾਸ 'ਤੇ ਡੂੰਘਾਈ ਨਾਲ ਵਿਚਾਰ ਕਰਨ ਲਈ ਪ੍ਰੇਰਿਤ ਕਰਦੀਆਂ ਹਨ।

ਸ਼੍ਰੀ ਸਿਸੋਦੀਆ ਦਾ ਉਨ੍ਹਾਂ ਦੀਆਂ ਕੀਮਤੀ ਸੂਝਾਂ ਲਈ ਧੰਨਵਾਦ ਪ੍ਰਗਟ ਕਰਦੇ ਹੋਏ, ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਦੇ ਚਾਂਸਲਰ ਅਤੇ ਆਰ ਈ ਆਰ ਟੀ ਦੇ ਚੇਅਰਮੈਨ ਸ਼੍ਰੀ ਐਨ ਐਸ ਰਿਆਤ ਨੇ ਗੁਣਵੱਤਾ ਵਾਲੀ ਸਿੱਖਿਆ ਨੂੰ ਅੱਗੇ ਵਧਾਉਣ ਲਈ ਸੰਸਥਾ ਦੀ ਅਟੁੱਟ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਨੇ ਪੁਸ਼ਟੀ ਕੀਤੀ ਕਿ ਯੂਨੀਵਰਸਿਟੀ ਖੇਤਰ ਦੇ ਅੰਦਰ ਅਤੇ ਬਾਹਰ ਦੋਵਾਂ ਭਾਈਚਾਰਿਆਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਯਤਨਸ਼ੀਲ ਰਹੇਗੀ। ਉਨ੍ਹਾਂ ਨੇ ਇਸ ਵਿਦਿਅਕ ਪਰਿਵਰਤਨ ਦੀ ਅਗਵਾਈ ਕਰਨ ਲਈ ਭਵਿੱਖ ਦੇ ਸਿੱਖਿਅਕਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਤਿਆਰ ਕਰਨ ਲਈ ਅਧਿਆਪਕ ਭਾਈਚਾਰੇ ਨੂੰ ਸੰਵੇਦਨਸ਼ੀਲ ਬਣਾਉਣ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ, ਅਤੇ ਸ਼੍ਰੀ ਸਿਸੋਦੀਆ ਨੂੰ ਨੇੜਲੇ ਭਵਿੱਖ ਵਿੱਚ ਵਿਆਪਕ ਅਧਿਆਪਕ ਭਾਈਚਾਰੇ ਲਈ ਇੱਕ ਅਜਿਹਾ ਸੈਸ਼ਨ ਕਰਵਾਉਣ ਲਈ ਸੱਦਾ ਦਿੱਤਾ।

ਇਸ ਸੈਸ਼ਨ ਵਿੱਚ ਪ੍ਰੋਫੈਸਰ ਬੀ.ਐਸ. ਸਤਿਆਲ (ਰਜਿਸਟਰਾਰ), ਸ਼੍ਰੀ ਦੀਪਿੰਦਰ ਸਿੰਘ (ਸਿੱਖਿਆ ਮੰਤਰੀ, ਪੰਜਾਬ ਦੇ ਓਐਸਡੀ), ਸ਼੍ਰੀ ਵਿਮਲ ਰਾਏ ਮਨਹੋਤਰਾ (ਸੀ.ਈ.ਓ.), ਵੱਖ-ਵੱਖ ਵਿਭਾਗਾਂ ਦੇ ਡੀਨ ਅਤੇ ਕਾਲਜ ਆਫ਼ ਐਜੂਕੇਸ਼ਨ ਦੇ ਫੈਕਲਟੀ ਮੈਂਬਰਾਂ ਨੇ ਸ਼ਿਰਕਤ ਕੀਤੀ ਙ ਕਾਰਜਕਾਰੀ ਪ੍ਰਿੰਸੀਪਲ ਡਾ. ਰਾਜਿੰਦਰ ਕੌਰ ਗਿੱਲ ਅਤੇ ਪ੍ਰੋ. ਐਚ.ਪੀ.ਐਸ. ਧਾਮੀ ਕਾਰਜਕਾਰੀ ਡੀਨ, ਨੇ ਧੰਨਵਾਦ ਕੀਤਾ।

# ਟਰੰਪ ਤੇ ਪੁਤਿਨ ਕਾਰਨ ਊਰਜਾ ਬਿੱਲ ਵਧਣ 'ਤੇ ਕੀਰ ਸਟਾਰਮਰ ਨਾਰਾਜ਼

**ਲੈਸਟਰ (ਇੰਗਲੈਂਡ), 10 ਅਪ੍ਰੈਲ (ਸੁਖਜਿੰਦਰ ਸਿੰਘ ਢੱਡੇ)-** ਬ੍ਰਿਟੇਨ ਦੇ ਪ੍ਰਧਾਨ ਮੰਤਰੀ ਸਰ ਕੀਰ ਸਟਾਰਮਰ ਨੇ ਊਰਜਾ ਕੀਮਤਾਂ ਦੇ ਮਸਲੇ 'ਤੇ ਤਿੱਖਾ ਰੁਖ ਅਪਣਾਉਂਦਿਆਂ ਕਿਹਾ ਹੈ ਕਿ ਉਹ ਇਸ ਗੱਲ ਤੋਂ "ਤੰਗ" ਆ ਚੁੱਕੇ ਹਨ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਜਾਂ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਕਦਮਾਂ ਦਾ ਸਿੱਧਾ ਅਸਰ ਬ੍ਰਿਟੇਨ ਦੇ ਲੋਕਾਂ ਦੇ ਘਰੇਲੂ ਬਿੱਲਾਂ ਅਤੇ ਕਾਰੋਬਾਰਾਂ ਦੇ ਖਰਚਾਂ 'ਤੇ ਪੈਂਦਾ ਹੈ। ਸਟਾਰਮਰ ਨੇ ਜ਼ੋਰ ਦੇ ਕੇ ਕਿਹਾ ਕਿ ਬ੍ਰਿਟੇਨ ਨੂੰ ਅੰਤਰਰਾਸ਼ਟਰੀ ਊਰਜਾ ਬਾਜ਼ਾਰ ਦੀ ਉਥਲ-ਪੁਥਲ 'ਤੇ ਨਿਰਭਰ ਰਹਿਣ ਦੀ ਬਜਾਏ ਆਪਣੀ "ਊਰਜਾ ਖੁਦਮੁਖਤਿਆਰੀ" ਵੱਲ ਤੇਜ਼ੀ ਨਾਲ ਵਧਣਾ ਹੋਵੇਗਾ ਅਤੇ ਇਸ ਦਾ ਸਭ ਤੋਂ ਟਿਕਾਊ ਰਾਹ ਨਵੀਕਰਣਯੋਗ ਊਰਜਾ ਹੈ। ਸਟਾਰਮਰ ਨੇ ਇਹ ਟਿੱਪਣੀ ਉਸ ਵੇਲੇ ਕੀਤੀ ਜਦੋਂ ਉਹ ਮੱਧ-ਪੂਰਬ ਦੇ ਦੌਰੇ 'ਤੇ ਕਤਰ ਵਿੱਚ ਮੌਜੂਦ ਹਨ। ਖਾੜੀ ਖੇਤਰ ਦੇ ਇਸ ਦੌਰੇ ਦੌਰਾਨ ਉਨ੍ਹਾਂ ਦੀਆਂ ਗੱਲਬਾਤਾਂ ਦਾ ਕੇਂਦਰ ਹਾਰਮੁਜ਼ ਜਲਡੰਘ ਦੀ ਮੁੜ ਬਹਾਲੀ ਬਣਿਆ ਹੋਇਆ ਹੈ। ਇਹ ਜਲਡੰਘ ਵਿਸ਼ਵ ਪੱਧਰ 'ਤੇ ਤੇਲ ਅਤੇ ਗੈਸ ਦੀ ਆਵਾਜਾਈ ਲਈ ਬਹੁਤ ਅਹਿਮ ਮੰਨੀ ਜਾਂਦੀ ਹੈ ਅਤੇ ਇਸ ਵਿਚ ਆਈ ਰੁਕਾਵਟ ਕਾਰਨ ਵਿਸ਼ਵ ਬਾਜ਼ਾਰ ਵਿੱਚ ਕੀਮਤਾਂ 'ਚ ਉਛਾਲ ਆਇਆ ਹੈ, ਜਿਸ ਦਾ ਪ੍ਰਭਾਵ ਬ੍ਰਿਟੇਨ ਦੀ ਮਹਿੰਗਾਈ, ਪੈਟਰੋਲ ਅਤੇ ਘਰੇਲੂ ਊਰਜਾ ਖਰਚਾਂ 'ਤੇ ਵੀ ਪਿਆ ਹੈ। ਸਟਾਰਮਰ ਨੇ ਕਿਹਾ ਕਿ ਜਦ ਤੱਕ ਦੇਸ਼ ਆਪਣੇ ਸਸਤੇ, ਸਥਿਰ ਅਤੇ ਭਰੋਸੇਯੋਗ ਊਰਜਾ ਸਰੋਤ ਨਹੀਂ ਬਣਾਉਂਦਾ, ਤਦ ਤੱਕ ਇਸ ਤਰ੍ਹਾਂ ਦੇ ਅੰਤਰਰਾਸ਼ਟਰੀ ਝਟਕੇ ਬ੍ਰਿਟਿਸ਼ ਪਰਿਵਾਰਾਂ ਨੂੰ ਵਾਰ-ਵਾਰ ਝੱਲਣੇ ਪੈਣਗੇ। ਪ੍ਰਧਾਨ ਮੰਤਰੀ ਨੇ ਆਪਣੇ ਬਿਆਨ ਵਿੱਚ ਇਹ ਵੀ ਸਪਸ਼ਟ ਕੀਤਾ ਕਿ ਉਹ ਲੋਕਾਂ ਨੂੰ ਇਹ ਨਹੀਂ ਕਹਿਣਾ ਚਾਹੁੰਦੇ ਕਿ ਦੁਨੀਆਵੀ ਬਾਜ਼ਾਰ ਦੀ ਮਰਜ਼ੀ ਅੱਗੇ ਚੁੱਪਚਾਪ ਸਹਿਣ ਤੋਂ ਇਲਾਵਾ ਕੋਈ ਹੋਰ ਰਾਹ ਨਹੀਂ। ਉਨ੍ਹਾਂ ਦੇ ਮਤਾਬਕ, ਸੂਰਜੀ ਅਤੇ ਹਵਾਈ ਊਰਜਾ ਵਰਗੇ ਨਵੀਕਰਣਯੋਗ ਸਰੋਤ ਬ੍ਰਿਟੇਨ ਨੂੰ ਵਧੇਰੇ ਖੁਦਨਿਰਭਰ ਬਣਾ ਸਕਦੇ ਹਨ। ਹਾਲਾਂਕਿ, ਵਿਰੋਧੀ ਧਿਰਾਂ, ਖ਼ਾਸ ਕਰਕੇ ਕੰਜ਼ਰਵੇਟਿਵ ਅਤੇ ਰੀਫਾਰਮ ਯੂਕੇ, ਸਰਕਾਰ 'ਤੇ ਉਲਟ ਦਬਾਅ ਪਾ ਰਹੀਆਂ ਹਨ ਕਿ ਉਹ ਉੱਤਰੀ ਸਮੁੰਦਰ ਵਿੱਚ ਤੇਲ ਅਤੇ ਗੈਸ ਖੋਜ ਅਤੇ ਡ੍ਰਿਲਿੰਗ ਨੂੰ ਵਧਾਏ। ਇਸ ਤਰ੍ਹਾਂ ਊਰਜਾ ਨੀਤੀ ਨੂੰ ਲੈ ਕੇ ਬ੍ਰਿਟੇਨ ਵਿੱਚ ਰਾਜਨੀਤਿਕ ਤਕਰਾਰ ਹੋਰ ਤੇਜ਼ ਹੋ ਗਈ ਹੈ। ਡਾਊਨਿੰਗ ਸਟ੍ਰੀਟ ਵੱਲੋਂ ਜਾਰੀ ਵੇਰਵੇ ਅਨੁਸਾਰ ਸਟਾਰਮਰ ਨੇ ਕਤਰ ਤੋਂ ਹੀ ਰਾਸ਼ਟਰਪਤੀ ਟਰੰਪ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਖਾੜੀ ਦੇ ਆਗੂਆਂ ਅਤੇ ਫੌਜੀ ਯੋਜਕਾਂ ਨਾਲ ਹੋਈ ਚਰਚਾ ਬਾਰੇ ਜਾਣਕਾਰੀ ਦਿੱਤੀ ਅਤੇ ਹਾਰਮੁਜ਼ ਜਲਡੰਘ ਵਿੱਚ ਜਹਾਜ਼ਰਾਨੀ ਦੀ ਆਜ਼ਾਦੀ ਬਹਾਲ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਸਰਕਾਰੀ ਬਿਆਨ ਮੁਤਾਬਕ ਦੋਵੇਂ ਨੇਤਾ ਇਸ ਗੱਲ 'ਤੇ ਸਹਿਮਤ ਸਨ ਕਿ ਜੰਗ-ਵਿਰਾਮ ਹੋਣ ਅਤੇ ਜਲਡੰਘ ਖੋਲ੍ਹਣ 'ਤੇ ਸਹਿਮਤੀ ਬਣਨ ਤੋਂ ਬਾਅਦ ਹੁਣ ਮਸਲੇ ਦੇ ਹੱਲ ਲਈ ਅਗਲੇ ਪੜਾਅ 'ਚ ਦਾਖ਼ਲ ਹੋ ਚੁੱਕੇ ਹਨ। ਦੋਹਾਂ ਨੇ ਇਹ ਵੀ ਮੰਨਿਆ ਕਿ ਜਹਾਜ਼ਰਾਨੀ ਨੂੰ ਜਿੰਨੀ ਜਲਦੀ ਹੋ ਸਕੇ ਮੁੜ ਚਾਲੂ ਕਰਨ ਲਈ ਇੱਕ ਅਮਲੀ ਅਤੇ ਕਾਰਗਰ ਯੋਜਨਾ ਲਾਜ਼ਮੀ ਹੈ। ਇਸ ਤੋਂ ਪਹਿਲਾਂ 8 ਅਪ੍ਰੈਲ ਨੂੰ ਜਾਰੀ ਇੱਕ ਸਾਂਝੇ ਬਿਆਨ ਵਿੱਚ ਵੀ ਬ੍ਰਿਟੇਨ ਅਤੇ ਸਾਥੀ ਦੇਸ਼ਾਂ ਨੇ ਮੱਧ-ਪੂਰਬੀ ਟਕਰਾਅ ਵਿੱਚ ਜੰਗ-ਵਿਰਾਮ ਲਾਗੂ ਕਰਨ, ਲੈਬਨਾਨ ਨੂੰ ਵੀ ਇਸ ਵਿੱਚ ਸ਼ਾਮਲ ਕਰਨ ਅਤੇ ਹਾਰਮੁਜ਼ ਜਲਡੰਘ ਵਿੱਚ ਆਵਾਜਾਈ ਦੀ ਆਜ਼ਾਦੀ ਯਕੀਨੀ ਬਣਾਉਣ ਦੀ ਲੋੜ ਉਭਾਰੀ ਸੀ। ਇਸ ਨਾਲ ਇਹ ਸਪਸ਼ਟ ਹੁੰਦਾ ਹੈ ਕਿ ਬ੍ਰਿਟਿਸ਼ ਸਰਕਾਰ ਇਸ ਮਸਲੇ ਨੂੰ ਸਿਰਫ਼ ਖੇਤਰੀ ਨਹੀਂ, ਸਗੋਂ ਵਿਸ਼ਵ ਅਰਥਵਿਵਸਥਾ ਅਤੇ ਆਪਣੇ ਦੇਸ਼ ਦੇ ਘਰੇਲੂ ਖਰਚਾਂ ਨਾਲ ਸਿੱਧਾ ਜੁੜਿਆ ਹੋਇਆ ਮੰਨ ਰਹੀ ਹੈ। ਸਟਾਰਮਰ ਦੇ ਬਿਆਨ ਦਾ ਰਾਜਨੀਤਿਕ ਅਰਥ ਵੀ ਕਾਫ਼ੀ ਵੱਡਾ ਮੰਨਿਆ ਜਾ ਰਿਹਾ ਹੈ। ਇਕ ਪਾਸੇ ਉਨ੍ਹਾਂ ਨੇ ਟਰੰਪ ਅਤੇ ਪੁਤਿਨ ਦੋਹਾਂ ਦਾ ਨਾਮ ਲੈ ਕੇ ਇਹ ਸੁਨੇਹਾ ਦਿੱਤਾ ਕਿ ਬ੍ਰਿਟੇਨ ਦੇ ਆਮ ਲੋਕਾਂ ਨੂੰ ਵਿਦੇਸ਼ੀ ਸੰਕਟਾਂ ਅਤੇ ਤਾਕਤਵਰ ਨੇਤਾਵਾਂ ਦੀਆਂ ਨੀਤੀਆਂ ਦਾ ਮੁੱਲ ਨਹੀਂ ਚੁਕਾਉਣਾ ਚਾਹੀਦਾ। ਦੂਜੇ ਪਾਸੇ, ਉਨ੍ਹਾਂ ਨੇ ਆਪਣੀ ਹਰੀ ਊਰਜਾ ਨੀਤੀ ਨੂੰ ਵੀ ਲੋਕਾਂ ਦੇ ਦਿਨ-ਚੜ੍ਹਦੇ ਬਿੱਲਾਂ ਨਾਲ ਜੋੜ ਕੇ ਪੇਸ਼ ਕੀਤਾ ਹੈ। ਇਸ ਤਰੀਕੇ ਨਾਲ ਲੇਬਰ ਸਰਕਾਰ ਇਹ ਦਲੀਲ ਮਜ਼ਬੂਤ ਕਰਨਾ ਚਾਹੁੰਦੀ ਹੈ ਕਿ ਨਵੀਕਰਣਯੋਗ ਊਰਜਾ ਸਿਰਫ਼ ਮੌਸਮੀ ਤਬਦੀਲੀ ਦਾ ਮਸਲਾ ਨਹੀਂ, ਬਲਕਿ ਰਾਸ਼ਟਰੀ ਸੁਰੱਖਿਆ, ਖਰਚੇ ਦੀ ਸਥਿਰਤਾ ਅਤੇ ਆਰਥਿਕ ਖੁਦਮੁਖਤਿਆਰੀ ਦਾ ਵੀ ਸਵਾਲ ਹੈ। ਇਹ ਇਕ ਰਾਜਨੀਤਿਕ ਸੁਨੇਹਾ ਵੀ ਹੈ ਅਤੇ ਇੱਕ ਆਰਥਿਕ ਦਲੀਲ ਵੀ। ਇਹ ਨਤੀਜਾ ਉਨ੍ਹਾਂ ਦੇ ਜਨਤਕ ਬਿਆਨਾਂ ਅਤੇ ਸਰਕਾਰੀ ਰੁਖ ਤੋਂ ਨਿਕਲਦਾ ਹੈ।

ਇਸ ਸਮੇਂ ਸਟਾਰਮਰ ਮੱਧ-ਪੂਰਬ ਦੇ ਕਈ ਦੇਸ਼ਾਂ ਨਾਲ ਗੱਲਬਾਤ ਕਰਦੇ ਹੋਏ ਬ੍ਰਿਟੇਨ ਦੀ ਕੂਟਨੀਤਿਕ ਭੂਮਿਕਾ ਵੀ ਦਰਸਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਬ੍ਰਿਟਿਸ਼ ਸਰਕਾਰ ਦਾ ਜ਼ੋਰ ਹੈ ਕਿ ਜਲਡੰਘ ਦੀ ਮੁੜ ਬਹਾਲੀ, ਵਪਾਰਕ ਜਹਾਜ਼ਰਾਨੀ ਦੀ ਸੁਰੱਖਿਆ ਅਤੇ ਊਰਜਾ ਸਪਲਾਈ ਨੂੰ ਨਾਰਮਲ ਕਰਨਾ ਹੁਣ ਤੁਰੰਤ ਤਰਜੀਹ ਹੈ। ਬ੍ਰਿਟੇਨ ਲਈ ਇਹ ਮਸਲਾ ਸਿਰਫ਼ ਵਿਦੇਸ਼ ਨੀਤੀ ਦਾ ਨਹੀਂ, ਸਗੋਂ ਲੋਕਾਂ ਦੀ ਜੇਬ ਨਾਲ ਜੁੜਿਆ ਹੋਇਆ ਘਰੇਲੂ ਮੁੱਦਾ ਬਣ ਗਿਆ ਹੈ।




# "ਲਿਪੀ ਐਪ" ਪੰਜਾਬੀ ਮਾਂ ਬੋਲੀ ਦੀ ਸੇਵਾ ਵਿੱਚ ਸਮਰਪਿਤ : ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ

## ਜਤਿੰਦਰ ਸਿੰਘ ਅਮਰੀਕਾ ਅਤੇ ਸਰਬ ਸਿੰਘ ਦੀ ਮਿਹਨਤ ਸਦਕਾ ਤਿਆਰ ਹੋਈ ਲਿਪੀਐਪ

**ਰੂਪਨਗਰ /ਸ਼੍ਰੀ ਅਨੰਦਪੁਰ ਸਾਹਿਬ 10 ਅਪ੍ਰੈਲ ( ਜਤਿੰਦਰ ਪਾਲ ਸਿੰਘ ਕਲੇਰ )** ਸ੍ਰੀ ਗੁਰੂ ਅੰਗਦ ਦੇਵ ਜੀ ਵੱਲੋਂ ਤਿਆਰ ਕੀਤੀ ਗਈ ੳ ਅ ੲ 35 ਅੱਖਰੀ ਲਿਪੀ ਤਿਆਰ ਕੀਤੀ ਗਈ ਸੀ ਤਾਂ ਹੀ ਇਸ ਦਾ ਨਾਮ ਗੁਰਮੁਖੀ ਪਿਆ ਕਿਉਂਕਿ ਗੁਰੂਆਂ ਦੇ ਮੁੱਖ ਤੋਂ ਬੋਲੀ ਜਾਣ ਵਾਲੀ ਲਿੱਪੀ ਹੈ ਅਜੋਕੇ ਸਮੇਂ ਵਿੱਚ ਦੇਸ਼ਾਂ ਵਿਦੇਸ਼ਾਂ ਹੀ ਨਹੀਂ ਸਗੋਂ ਭਾਰਤ ਦੇ ਵੱਖ ਵੱਖ ਪ੍ਰਾਂਤਾਂ ਦੇ ਨਾਲ ਨਾਲ ਪੰਜਾਬ ਵਿੱਚ ਵੀ ਪੰਜਾਬੀ ਘੱਟ ਬੋਲਣੀ ਅਤੇ ਘੱਟ ਸੁਣਨੀ ਹੋ ਗਈ ਹੈ ਜਿਸ ਕਾਰਨ ਕੁਝ ਕ ਪੰਜਾਬੀਆਂ ਨੂੰ ਪੰਜਾਬੀ ਮਾਂ ਬੋਲੀ ਬੋਲਣੀ ਅਤੇ ਸੁਣਨ ਨੂੰ ਵੀ ਵਿਸਰਦੀ ਜਾ ਰਹੀ ਹੈ ਜਿਸ ਕਾਰਨ ਸਾਡੇ ਜਤਿੰਦਰ ਸਿੰਘ ਅਮਰੀਕਾ ਵੱਲੋਂ ਇੱਕ ਪ੍ਰਣ ਕੀਤਾ ਗਿਆ ਸੀ ਕਿ ਆਉਣ ਵਾਲੇ ਸਮੇਂ ਵਿੱਚ ਇੱਕ ਅਜਿਹੀ ਐਪ ਬਣਾਈ ਜਾਵੇ ਜਿਸ ਰਾਹੀਂ ਅਸੀਂ ਆਸਾਨੀ ਵਿੱਚ ਪੰਜਾਬੀ ਵਿੱਚ ਲੇਖ ਪੰਜਾਬੀ ਬੋਲਣਾ ਅਤੇ ਪੰਜਾਬੀ ਨੂੰ ਸਮਝਣਾ ਸਿੱਖ ਸਖੀਏ ਜਿਸ ਵਿੱਚ ਗੁਰੂਆਂ ਦੀ ਜੀਵਨੀ ਵੀ ਪੰਜਾਬੀ ਵਿੱਚ ਹੋਵੇ ਅਤੇ ਆਨਲਾਈਨ ਕਲਾਸਾਂ ਵਾਂਗ ਗੁਰਮੁਖੀ ਦਾ ਗਿਆਨ ਚਫੇਰਿਓ



ਵੰਡ ਸਕੀਏ ਇਸੇ ਤਹਿਤ ਇੱਕ ਐਪ ਜਿਸਦਾ ਨਾਮ ਲਿਪੀ ਰੱਖਿਆ ਗਿਆ ਹੈ ਤਿਆਰ ਕੀਤੀ ਗਈ ਹੈ ਜਿਸ ਦੇ ਬ੍ਰਾਂਡ ਅਬੈਸਡਰ ਪ੍ਰਸਿੱਧ ਪੰਜਾਬੀ ਗਾਇਕ ਅਤੇ ਕਲਾਕਾਰ ਐਮੀ ਵਿਰਕ ਅਤੇ ਬੀਨੂ ਢਿੱਲੋ ਹੋਣਗੇ ਅੱਜ ਇਹ ਐਪ ਨੂੰ ਲਾਂਚ ਕਰ ਦਿੱਤਾ ਗਿਆ ਹੈ ਜਿਸ ਦੀ ਘੁੰਡ ਚੁਕਾਈ ਛੋਟੀਆਂ ਬੱਚੀਆਂ ਵੱਲੋਂ ਕਰਵਾਈ ਗਈ ਅੱਜ ਇਹ ਪੰਜਾਬੀ ਐਪ ਲਾਂਚ ਹੋ ਚੁੱਕਾ ਹੈ ਜਿਸ ਦਾ ਸਿਹਰਾ ਜਤਿੰਦਰ ਸਿੰਘ ਅਮਰੀਕਾ ਅਤੇ ਸਰਬ ਸਿੰਘ ਅਤੇ ਉਸਦੀ ਟੀਮ ਨੂੰ ਜਾਂਦਾ ਹੈ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸਿੱਖ ਧਰਮ ਦੇ ਪ੍ਰਸਿੱਧ ਕਥਾਵਾਚਕ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਵੱਲੋਂ ਸਟੇਜ ਤੇ ਕੀਤਾ ਗਿਆ ਉਹਨਾਂ ਦੱਸਿਆ ਕਿ ਮੈਨੂੰ ਅੱਜ ਇਹ ਜਾਣ ਕੇ ਬਹੁਤ ਖੁਸ਼ੀ ਹੋ ਰਹੀ ਹੈ ਕਿ ਲਿਪੀ ਐਪ ਸਾਡੇ ਦੇਸ਼ਾਂ ਵਿਦੇਸ਼ਾਂ ਵਿੱਚ ਫਸਦੇ ਵਿਅਕਤੀਆਂ ਦੀ ਪੰਜਾਬੀ ਵਿੱਚ ਪੂਰਨ ਰੂਪ ਵਿੱਚ ਮਦਦ ਕਰੇਗੀ ਉਹਨਾਂ ਕਿਹਾ ਕਿ ਮੈਨੂੰ ਬਹੁਤ ਖੁਸ਼ੀ ਹੈ ਕਿ ਜਤਿੰਦਰ ਸਿੰਘ ਅਤੇ ਸਰਬ ਸਿੰਘ ਵੱਲੋਂ ਅਜਿਹੀ ਐਪ ਦੀ ਸ਼ੁਰੂਆਤ ਦਿਨ ਰਾਤ ਇਕ ਮਿਹਨਤ ਕਰਕੇ ਬਣਾਈ ਗਈ ਹੈ ਇਸ ਮੌਕੇ ਵਿਸ਼ੇਸ਼ ਤੌਰ ਤੇ ਸਮਾਜ ਸੇਵੀ ਅਨਮੋਲ ਕਵਾਤਰਾ ਵੀ ਮੌਜੂਦ ਸਨ ਸਟੇਜ ਤੇ ਜਦੋਂ ਸਰਬ ਸਿੰਘ ਦੀ ਤਰੀਫ ਕਰਦੇ ਹੋਏ ਭਾਈ ਰਣਜੀਤ ਸਿੰਘ ਨੇ ਇਹ ਵੀ ਦੱਸਿਆ ਕਿ ਅਣਥਕ ਮਿਹਨਤ ਦੇ ਸਦਕਾ ਹੀ ਇਸ ਐਪ ਨੂੰ ਤੁਹਾਡੇ ਤੱਕ ਪਹੁੰਚਾਉਣ ਲਈ ਵਿਸ਼ੇਸ਼ ਸਹਿਯੋਗ ਰਿਹਾ ਹੈ ਜਿਸ ਦਾ ਸਾਰਾ ਕਾਰਜ ਸਰਵ ਸਿੰਘ ਨੂੰ ਜਾਂਦਾ ਹੈ ਅਤੇ ਇਸ ਐਪ ਵਿੱਚ ਖਰਚ ਕੀਤੇ ਗਏ ਪੈਸਿਆਂ ਦੀ ਸੇਵਾ ਪ੍ਰਸਿੱਧ ਅਮਰੀਕੀ ਕਾਰੋਬਾਰੀ ਜਤਿੰਦਰ ਸਿੰਘ ਵੱਲੋਂ ਸੇਵਾ ਨਿਭਾਈ ਗਈ ਹੈ ਗੁਣਾ ਕਿਹਾ ਕਿ ਆਪਣੇ ਐਂਡਰਾਇਡ ਅਤੇ ਐਪਲ ਮੋਬਾਈਲ ਫੋਨ ਵਿੱਚ ਲਿਪੀ ਐਪ ਨੂੰ ਡਾਊਨਲੋਡ ਕਰਕੇ ਏਆਈ ਦੀ ਸਹਾਇਤਾ ਨਾਲ ਅਸੀਂ ਆਪਣੇ ਬੱਚਿਆਂ ਤੱਕ ਪੰਜਾਬੀ ਆਸਾਨੀ ਨਾਲ ਪਹੁੰਚਾ ਸਕਦੇ ਹਾਂ।

# 93 ਸਾਲਾਂ ਪੁਰਾਤਨ ਤੂਬਾਂ ਵਾਦਕ ਬਾਬਾ ਰੌਣਕੀ ਰਾਮ ਮੱਲ ਨੂੰ ਮਰਨ ਉਪਰੰਤ ਪਰਿਵਾਰ ਨੇ 'ਵੱਡਾ ਕਰਕੇ' ਕੀਤਾ ਰੁਖ਼ਸਤ

**ਫਿਲੌਰ/ਅੱਪਰਾ, 10 ਅਪ੍ਰੈਲ (ਦੀਪਾ)–** ਆਪਣੇ ਦ੍ਰਿੜ ਸਿਦਕ, ਸਖਤ ਮਿਹਨਤ ਤੇ ਘਾਲਣਾ ਦੇ ਦਮ 'ਤੇ ਇੱਕ ਪਰਿਪੱਕ ਇਨਸਾਨ ਤੇ ਪੂਰੇ ਪਰਿਵਾਰ ਨੂੰ ਪਿਆਰ ਕਰਨ ਵਾਲੇ 93 ਸਾਲਾਂ ਪੁਰਾਤਨ ਤੂਬਾਂ ਵਾਦਕ ਬਾਬਾ ਰੌਣਕੀ ਰਾਮ ਮੱਲ ਨੂੰ ਮਰਨ ਉਪਰੰਤ ਪਰਿਵਾਰ ਨੇ 'ਵੱਡਾ ਕਰਕੇ' ਰੁਖ਼ਸਤ ਕੀਤਾ ਗਿਆ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪਰਿਵਾਰਿਕ ਸਾਂਝ ਵਾਲੇ ਚਰਨਜੀਤ ਮੱਲ ਦੇ ਪੁੱਤ ਸਟੀਫਨ ਮੱਲ ਕਮੇਟੀ ਮੈਂਬਰ ਗੁਰੂ ਰਵਿਦਾਸ ਸਭਾ ਨੇ ਦੱਸਿਆ ਕਿ 93 ਸਾਲਾ ਬਾਬਾ ਰੌਣਕੀ ਰਾਮ ਮੱਲ ਵਾਸੀ ਪਿੰਡ ਰਹਿਪਾ (ਸ਼ਹੀਦ ਭਗਤ ਕਾਫੀ ਲੰਮੇ ਸਮੇਂ ਤੋਂ ਆਪਣੇ ਘਰ ਦੀ ਗਰੀਬੀ ਨੂੰ ਦੂਰ ਕਰਨ ਲਈਂ ਸ਼ਹਿਰ ਬੰਗਿਆਂ ਆਪਣੇ ਸੁਹਰਿਆਂ ਕੋਲ ਰਹਿਣ ਲੱਗ ਪਏ, ਜਿੱਥੇ ਉਨਾਂ ਦੇ ਛੋਟੇ ਪੁੱਤ ਨਰੇਸ਼ ਕੁਮਾਰ ਮੱਲ ਨੇ ਪੜਾਈ ਲਿਖਾਈ ਦੇ ਨਾਲ ਨਾਲ ਮੈਡੀਕਲ ਸਟੋਰ ਤੇ ਕੰਮ ਕਰਕੇ ਵਿਦੇਸ਼ ਯਾਤਰਾ ਕੀਤੀ। ਜਿਨ੍ਹਾਂ ਦੇ ਮਾਮਾ ਜੀ ਮਹਿੰਦਰਪਾਲ ਕੈਂਥ ਤੇ ਮਾਮੀ ਨੇ ਪੂਰਾ ਸਹਿਯੋਗ ਦਿੱਤਾ।ਵਿਦੇਸ਼ ਵਿੱਚ ਨਰੇਸ਼ ਕੁਮਾਰ ਮੱਲ ਤੇ ਪਤਨੀ ਪ੍ਰਵੀਨ ਰਾਣੀ ਦੋਵਾਂ ਜੀਆਂ ਦੀ 15 ਸਾਲ ਦੀ ਮਿਹਨਤ ਸਦਕਾ ਪਿਤਾ ਦਾ ਮਾਣ ਅਤੇ ਹੌਸਲਾ ਬਲੁੰਦ ਹੋਣ ਲੱਗ ਪਿਆ। ਜਿਨਾਂ ਨੇ ਸ਼ਹਿਰ ਬੰਗਿਆਂ ਆਪਣਾ ਘਰ ਅਤੇ ਪਲਾਂਟ ਵੀ ਲਿਆ। ਰੋਣਕੀ ਰਾਮ ਮੱਲ ਦੇ ਪਿਤਾ ਦਾ ਨਾਮ ਸਾਧੂ ਰਾਮ ਮੱਲ ਤੇ ਮਾਤਾ ਦਾ ਨਾਮ ਠਾਕਰੀ ਸੀ । ਬਾਬਾ ਰੌਣਕੀ ਰਾਮ ਮੱਲ ਦੀ ਪਤਨੀ ਦਾ ਨਾਂ ਮਹਿੰਦਰ ਕੌਰ ਸੀ । ਰੌਣਕੀ ਰਾਮ ਮੱਲ



ਦੀਆਂ 7 ਭੈਣਾਂ ਸਨ ਤੇ ਰੌਣਕੀ ਰਾਮ ਦੀਆਂ ਚਾਰ ਲੜਕੀਆਂ ਸਰਬਜੀਤ ਕੌਰ, ਕੁਲਵਿੰਦਰ ਕੌਰ, ਅਮਰਜੀਤ ਕੌਰ ਤੇ ਰਾਜਵਿੰਦਰ ਕੌਰ ਸਨ, ਜਦਕਿ ਦੋ ਲੜਕੇ ਅਵਤਾਰ ਚੰਦ ਤੇ ਨਰੇਸ਼ ਕੁਮਾਰ ਸਨ । ਅਵਤਕਾਰ ਚੰਦ ਦੇ ਤਿੰਨ ਬੱਚੇ ਹਨ ਤੇ ਨਰੇਸ਼ ਕੁਮਾਰ ਦੀ ਪਤਨੀ ਪ੍ਰਵੀਨ ਰਾਣੀ ਹੈ ਤੇ ਰੌਣਕੀ ਰਾਮ ਦੇ ਪੋਤਾ ਪੋਤੀ ਸਾਹਿਲ ਮੱਲ ਤੇ ਸੀਆ ਮੱਲ ਹੈ । ਰੌਣਕੀ ਰਾਮ ਮੱਲ ਇੱਕ ਪ੍ਰਸਿੱਧ ਤੂਬਾ ਵਾਦਕ ਸਨ । ਉਹ ਇੱਕ ਮਿਹਨਤਕਸ਼ ਇਨਸਾਨ ਸਨ । ਉਹ ਭੱਠੇ 'ਤੇ ਕੰਮ ਕਰਦੇ ਰਹੇ, ਵਪਾਰ ਵੀ ਕਰਦੇ ਰਹੇ, ਵਾਣ ਵੀ ਵੱਟਦੇ ਰਹੇ ਤੇ ਮਜਦੂਰੀ ਵੀ ਕਰਦੇ ਰਹੇ । ਉਨਾਂ ਨੇ ਆਪਣੀ ਮਿਹਹਨ ਦੇ ਨਾਲ ਹੀ ਆਪਣੀਆਂ ਸੱਤ ਭੈਣਾਂ ਤੇ ਚਾਰ ਲੜਕੀਆਂ ਦੇ ਵਿਆਹ ਕੀਤੇ ਤੇ ਹੋਰ ਕਬੀਲਦਾਰੀ 'ਚ ਵੀ ਨਿਭਦੇ ਰਹੇ । ਉਹ ਮਿਹਨਤਕਸ਼ ਇਨਸਾਨ ਹੋਣ ਦੇ ਨਾਲ ਨਾਲ ਮਿਲਾਪੜੇ ਸੁਭਾਅ ਦੇ ਮਾਲਕ ਤੇ ਹਰ ਕਿਸੇ ਦੇ ਨਾਲ ਘੁਲ ਮਿਲ ਜਾਣ ਵਾਲੇ ਸਨ । ਬੀਤੇ ਦਿਨੀ ਅਚਾਨਕ ਸੰਖੇਪ ਬਿਮਾਰੀ ਦੌਰਾਨ ਉਨਾਂ ਦੀ ਮੌਤ ਹੋ ਗਈ । ਇਸ ਮੌਕੇ ਪਰਿਵਾਰ ਵਲੋਂ 93 ਸਾਲਾਂ ਪੁਰਾਤਨ ਤੂਬਾਂ ਵਾਦਕ ਬਾਬਾ ਰੌਣਕੀ ਰਾਮ ਮੱਲ ਨੂੰ ਮਰਨ ਉਪਰੰਤ ਪਰਿਵਾਰ ਨੇ 'ਵੱਡਾ ਕਰਕੇ' ਰੁਖ਼ਸਤ ਕੀਤਾ ਗਿਆ । ਉਨਾਂ ਨਮਿਤ ਪਾਠ ਦਾ ਭੋਗ 'ਤੇ ਅੰਤਿਮ ਅਰਦਾਸ ਮਿਤੀ 22 ਅਪ੍ਰੈਲ ਦਿਨ ਬੁੱਧਵਾਰ ਨੂੰ ਉਨਾਂ ਦੇ ਪਿੰਡ ਰਹਿਪਾ ਗੁਰ-ਦੁਵਾਰਾ ਸ੍ਰੀ ਗੁਰੂ ਰਵਿਦਾਸ ਸਭਾ ਪਿੰਡ ਰਹਿਪਾ (ਸ਼ਹੀਦ ਭਗਤ ਸਿੰਘ ਨਗਰ) ਨਵਾਂਸ਼ਹਿਰ ਵਿਖੇ ਹੋਵੇਗੀ।

# ਪਹਿਲਾ ਪੰਜਾਬੀ ਸੱਭਿਆਚਾਰ ਮੇਲਾ ਮਹਰੂਮ ਦੋਗਾਣਾ ਜੋੜੀ ਬੀਬਾ ਅਮਰਜੋਤ ਕੌਰ ਤੇ ਅਮਰ ਸਿੰਘ ਚਮਕੀਲਾ ਦੀ ਯਾਦ ਵਿੱਚ ਫ਼ਰੀਦਕੋਟ ਵਿਖੇ ਕਰਵਾਇਆ ਜਾ ਰਿਹਾ:- ਲੋਕ ਗਾਇਕ ਬੋਹੜ ਬਰਾੜ

**ਫ਼ਰੀਦਕੋਟ ( ਸ਼ਿਵਨਾਥ)** ਪਹਿਲਾ ਪੰਜਾਬੀ ਸੱਭਿਆਚਾਰਕ ਮੇਲਾ ਫਿਰੋਜ਼ਪੁਰ ਰੋੜ ਨੇੜੇ ਸਬਜੀ ਮੰਡੀ ਫ਼ਰੀਦਕੋਟ ਵਿਖੇ ਕਰਵਾਇਆ ਜਾ ਰਿਹਾ। ਇਹ ਓਸ ਮਹਰੂਮ ਦੋਗ-ਾਣਾ ਜੋੜੀ ਨੂੰ ਸਮਰਪਿਤ ਹੈ , ਜਿੰਨਾ ਨੂੰ ਪੰਜਾਬ ਹੀ ਨਹੀ ਦੁਨੀਆ ਭਰ ਵਿੱਚ ਆਪਣੇ ਮਕਬੂਲ ਗੀਤਾਂ ਕਰਕੇ ਜਾਣਿਆ ਜਾਂਦਾ ਹੈ , ਓਸ ਮਹਰੂਮ ਪ੍ਰਸਿੱਧ ਦੋਗਾਣਾ ਜੋੜੀ "ਬੀਬਾ ਅਮਰਜੋਤ ਕੌਰ ਤੇ ਅਮਰ ਸਿੰਘ ਚਮਕੀਲਾ ਜੀ" ਜੋ ਕਿ ਆਤੰਕਵਾਦ ਦੀ ਭੇਂਟ ਚੜ੍ਹੀ, ਅੱਜ ਵੀ ਓਨਾਂ ਦੇ ਮਕਬੂਲ ਗੀਤ ਸੰਗੀਤਕ ਪ੍ਰੇਮੀਆ ਦੇ ਦਿਲ ਤੇ ਰਾਜ ਕਰਦੇ ਹਨ। ਜੇਕਰ ਓਨਾਂ ਦੇ ਗੀਤਾਂ ਦੀ ਗੱਲ ਕਰੀਏ ਤਾਂ 'ਕੀ ਜੋਰ ਗਰੀਬਾਂ ਦਾ' ,ਧੋਖਾ ਨਹੀ ਕਮਾਈਦਾ, ਬਾਬਾ ਤੇਰਾ ਨਨਕਾਣਾ,ਮੇਰਾ ਜੀ ਕਰਦਾ, ਅੱਜ ਚੱਕਾ ਜਾਮ ਕਰਾਤਾ, ਪਾਣੀ ਦਿਆ ਬੁਲਬੁਲਿਆ ਤੇ ਪਹਿਲੇ ਲਲਕਾਰੇ ਨਾਲ ਮੈ ਡਰ ਗਈ ਆਦਿ ਗਈ ਆਪਣਾ ਸੁਮਾਰ ਕਰਵਾਉਂਦੇ ਹਨ । ਇਹ ਸੱਭਿਆਚਾਰਕ ਮੇਲਾ ਓਨਾਂ ਦੀ ਵੱਡੀ ਭੈਣ ਜਸਵੰਤ ਕੌਰ ਜੀ , ਲੋਕ ਗਾਇਕ ਬੋਹੜ ਬਰਾੜ, ਲੋਕ ਗਾਇਕਾ ਪਾਲਜੀਤ ਬਰਾੜ , ਲੋਕ ਗਾਇਕ ਸਿਮਰ ਹੱਸਣ ਭੱਟੀ ਤੇ ਜਤਿੰਦਰ ਜੋਤੀ ਸਮੁੱਚੀ ਟੀਮ ਦੀ ਯੋਗ ਅਗਵਾਈ ਹੇਠ 12 ਅਪ੍ਰੈਲ ਦਿਨ ਐਤਵਾਰ ਨੂੰ ਹੋਣ ਜਾ ਰਿਹਾ।




ਓਨਾ ਪ੍ਰੈਸ ਨਾਲ ਗੱਲਬਾਤ ਦੌਰਾਨ ਦੱਸਿਆ ਕਿ , ਇਸ ਸਮੇ ਪੰਜਾਬ ਦੇ ਮੰਝੇ ਲੋਕ ਗਾਇਕ ਆਪਣੇ ਬਾਕਮਾਲ ਖੂਬਸੂਰਤ ਗੀਤਾਂ ਨਾਲ ਸਰੋਤਿਆ ਦਾ ਮਨੋਰੰਜਨ ਕਰਨਗੇ। ਇਸ ਸਮੇ ਮਹਰੂਮ ਦੋਗਾਣਾ ਜੋੜੀ ਬੀਬਾ ਅਮਰਜੋਤ ਕੌਰ ਤੇ ਅਮਰ ਚਮਕੀਲਾ ਜੀ ਨੂੰ ਸਰਧਾਂਜਲੀ ਭੇਂਟ ਕੀਤੀ ਜਾਵੇਗੀ। ਇਸ ਸਮੇ ਪਹੁੰਚ ਰਹੀਆਂ ਦੋਗਾਣਾ ਜੋੜੀਆਂ ਵਿੱਚ ਜੈਮਲ ਚਮਕੀਲਾ ਤੇ ਰੀਆਂ ਸੰਧੂ ,ਚਮਕ ਚਮਕੀਲਾ ਤੇ ਸੁਖਜੀਤ ਕੌਰ, ਕਿੱਕਰ ਡਾਲੇਵਾਲਾ, ਬੋਹੜ ਬਰਾੜ ਤੇ ਪਾਲਜੀਤ ਬਰਾੜ, ਕਾਬਲ ਬਰਾੜ ਤੇ ਸੁਖਪ੍ਰੀਤ ਕੌਰ, ਬਿੱਲਾ ਮਾਣੇਵਾਲੀਆਂ ਤੇ ਸਿਮਰਪ੍ਰੀਤ, ਪਿੰਦਰ ਰਾਜਸਥਾਨੀ ਤੇ ਸੋਹਲਪਰੀਤ ,ਪਾਲ ਰਸੀਲਾ, ਗੁਰਸੇਵਕ ਮਾਨ ਤੇ ਸਪਨਾ ਮਾਨ,ਗੋਗੀ ਟਿਵਾਣਾ ਤੇ ਕੌਰ ਪ੍ਰੀਤ, ਪ੍ਰਗਟ ਭੁੱਲਰ, ਬਲਜੀਤ ਘਾਰੂ ਤੇ ਸਤਿੰਦਰ ਕੌਰ, ਚਮਕੌਰ ਤੇ ਮਿਸ ਨਵ ਜੀ, ਤਾਰੀ ਗੋਲੇਵਾਲੀਆਂ ਤੇ ਅਰਸ਼ਦੀਪ ਸਫ਼ਰੀ, ਜਗਮੀਤ ਚਮੇਲੀ, ਅਮਰੀਕ ਕੰਮੇਆਣਾ, ਜੀ ਚਮਕੀਲਾ, ਸਿਮਰ ਹੱਸਣ ਭੱਟੀ, ਕਾਕਾ ਨੂਰ, ਮਿਸ ਕਮਲ , ਸੋਹਣ ਸਿੰਘ ਭਾਮੀਆਂ , ਪਰਮਜੀਤ ਸਿੰਘ ਤੇ ਵਿਜੈ ਸੁੰਦਰ ਜੀ।ਇਸ ਸੱਭਿਆਚਾਰਕ ਮੇਲੇ ਦਾ ਲਾਈਵ "ਵੀਰੂ ਰੋਮਾਣਾ ਜੀ" ਵੱਲੋ ਆਪਣੇ ਚੈਨਲ ਤੇ ਕੀਤਾ ਜਾਵੇਗਾ। ਓਨਾਂ ਸੰਗੀਤਕ ਪ੍ਰੇਮੀਆ ਨੂੰ ਵਹੀਰਾਂ ਘੱਤ ਕੇ ਪਹੁੰਚਣ ਲਈ ਬੇਨਤੀ ਕੀਤੀ।

# ਪੰਜਾਬ ਦੀਆਂ ਅਦਾਲਤਾਂ ਤੇ ਸਕੂਲਾਂ "ਚ ਬੰਬ ਦੀਆਂ ਅਫਵਾਵਾਂ ਹਕੀਕਤ ਜਾਂ ਸਿਆਸੀ ਸਤਰੰਜ?

**ਵੈਨਕੂਵਰ, 10 ਅਪ੍ਰੈਲ (ਮਲਕੀਤ ਸਿੰਘ)** – ਹਿਪ-ਹਾਪ ਸੰਗੀਤ ਦੇ ਪ੍ਰਮੁੱਖ ਆਗੂ ਆਫਰੀਕਾ ਬੰਬਾਟਾ ਦਾ 68 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਹੈ। ਬੰਬਾਟਾ ਦੀ ਮੌਤ ਅਮਰੀਕਾ ਦੇ ਪੈਨਸਿਲਵੇਨੀਆ ਰਾਜ ਵਿੱਚ ਪ੍ਰੋਸਟੇਟ ਕੈਂਸਰ ਕਾਰਨ ਹੋਈ। ਉਹ ਹਿਪ-ਹਾਪ ਸੱਭਿਆਚਾਰ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਕਲਾਕਾਰਾਂ ਵਿੱਚੋਂ ਇੱਕ ਮੰਨੇ ਜਾਂਦੇ ਸਨ। ਉਨ੍ਹਾਂ ਨੇ



ਆਪਣੇ ਕੈਰੀਅਰ ਦੌਰਾਨ ਸੰਗੀਤ ਰਾਹੀਂ ਇੱਕ ਨਵੀਂ ਪਛਾਣ ਬਣਾਈ ਅਤੇ ਹਿਪ-ਹਾਪ ਨੂੰ ਵਿਸ਼ਵ ਪੱਧਰ 'ਤੇ ਮਸ਼ਹੂਰ ਕਰਨ ਵਿੱਚ ਯੋਗਦਾਨ ਦਿੱਤਾ। ਹਾਲਾਂਕਿ ਉਨ੍ਹਾਂ ਦੇ ਜੀਵਨ ਦੇ ਆਖ਼ਰੀ ਦਹਾਕੇ ਦੌਰਾਨ ਉਨ੍ਹਾਂ 'ਤੇ ਕਈ ਪੁਰਸ਼ਾਂ ਵੱਲੋਂ ਬੱਚਿਆਂ ਨਾਲ ਯੌਨ ਸ਼ੋਸ਼ਣ ਦੇ ਗੰਭੀਰ ਦੋਸ਼ ਵੀ ਲਗਾਏ ਗਏ ਸਨ, ਜਿਸ ਕਾਰਨ ਉਹ ਵਿਵਾਦਾਂ ਵਿੱਚ ਰਹੇ। ਉਨ੍ਹਾਂ ਦੇ ਦੇਹਾਂਤ ਨਾਲ ਸੰਗੀਤ ਜਗਤ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ।

# ਲੈਂਬਟਨ ਕਾਲਜ ਦੇ ਕੈਂਪਸ ਬਾਰ ਵਿੱਚ ਗੋਲੀਬਾਰੀ, 1 ਦੀ ਮੌਤ, 2 ਹੋਰ ਜ਼ਖ਼ਮੀ

**ਵੈਨਕੂਵਰ, 10 ਅਪ੍ਰੈਲ (ਮਲਕੀਤ ਸਿੰਘ)** - ਕਨੇਡਾ ਦੇ ਸੂਬੇ ਓਨਟਾਰਿਓ ਦੇ ਲੈਂਬਟਨ ਕਾਲਜ ਦੇ ਕੈਂਪਸ ਬਾਰ ਵਿੱਚ ਵਾਪਰੀ ਗੋਲੀਬਾਰੀ ਦੀ ਘਟਨਾ ਦੌਰਾਨ ਇੱਕ ਵਿਅਕਤੀ ਦੀ ਮੌਤ ਹੋ ਗਈ, ਜਦਕਿ ਦੋ ਹੋਰ ਜ਼ਖ਼ਮੀ ਹੋਏ ਹਨ। ਜਾਣਕਾਰੀ ਮੁਤਾਬਕ ਸਰਨੀਆ ਸ਼ਹਿਰ ਨਾਲ ਸੰਬੰਧਿਤ 20 ਸਾਲਾ ਨੌਜਵਾਨ ਨੂੰ ਗੋਲੀਆਂ ਲੱਗਣ ਮਗਰੋਂ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ ਗਿਆ। ਪੁਲਿਸ ਅਨੁਸਾਰ ਇਹ ਘਟਨਾ ਕਾਲਜ ਦੇ ਕੈਂਪਸ ਵਿੱਚ ਸਥਿਤ ਬਾਰ ਵਿੱਚ ਵਾਪਰੀ, ਜਿੱਥੇ ਅਚਾਨਕ ਗੋਲੀਆਂ ਚੱਲਣ ਨਾਲ ਅਫਰਾਤਫਰੀ ਮਚ ਗਈ। ਜ਼ਖ਼ਮੀ ਹੋਏ ਦੋ ਹੋਰ ਵਿਅਕਤੀਆਂ ਦਾ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਅਧਿਕਾਰੀਆਂ ਵੱਲੋਂ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਘਟਨਾ ਦੇ ਕਾਰਨਾ ਤੇ ਸ਼ੱਕੀ ਵਿਅਕਤੀਆਂ ਦੀ ਤਲਾਸ਼ ਜਾਰੀ ਹੈ। ਇਸ ਘਟਨਾ ਮਗਰੋਂ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ ਹੈ ਅਤੇ ਸੁਰੱਖਿਆ ਨੂੰ ਲੈ ਕੇ ਲੋਕਾਂ ਵਿੱਚ ਚਿੰਤਾ ਵੱਧ ਗਈ ਹੈ।

# ਮੈਂ ਡਾਕੂ ਗੱਬਰ ਸਿੰਘ ਬੋਲਦੈਂ , ਹਾਲਾਤਾਂ ਅਨੁਸਾਰ ਮੰਤਰੀ ਫੋਨ ਤੇ ਇਹ ਆਖਣ ਤਾਂ... ?


ਪੰਜਾਬ ਦੀ ਸਿਆਸਤ ਅੱਜਕੱਲ੍ਹ ਲੋਕ ਸੇਵਾ ਦੀ ਥਾਂ ਲੋਕਾਂ ਉੱਤੇ ਰੋਬ ਜਮਾਉਣ ਦਾ ਮੰਚ ਬਣਦੀ ਜਾ ਰਹੀ ਹੈ। ਹਾਲਾਤ ਇਹੋ ਜਿਹੇ ਹੋ ਗਏ ਹਨ ਕਿ ਕਈ ਮੰਤਰੀਆਂ ਦਾ ਰਵੱਈਆ ਲੋਕਾਂ ਨੂੰ ਛੋਹਲੇ ਫ਼ਿਲਮ ਦੇ ਖ਼ੌਫ਼ਨਾਕ ਡਾਕੂ ਗੱਬਰ ਸਿੰਘ ਦੀ ਯਾਦ ਦਿਵਾਉਂਦਾ ਹੈ। ਫ਼ਰਕ ਸਿਰਫ਼ ਇਹਨਾ ਹੀ ਹੈ ਕਿ ਗੱਬਰ ਜੰਗਲਾਂ ਵਿੱਚ ਡੱਕੇ ਮਾਰਦਾ ਸੀ, ਜਦਕਿ ਅੱਜ ਦੇ ਕੁਝ ਹਾਕਮ ਦਫ਼ਤਰਾਂ ਦੀਆਂ ਕੁਰਸੀਆਂ 'ਤੇ ਬੈਠ ਕੇ ਹੀ ਲੋਕਾਂ ਨੂੰ ਨਿਚੋੜ ਰਹੇ ਹਨ।

ਕਿਤੇ ਸਰਕਾਰੀ ਜ਼ਮੀਨਾਂ 'ਤੇ ਕੋਠੀਆਂ ਖੜ੍ਹੀਆਂ ਹੋ ਰਹੀਆਂ ਹਨ ਤੇ ਕਿਤੇ ਵਿਕਾਸ ਦੇ ਨਾਮ 'ਤੇ ਆਉਣ ਵਾਲੇ ਫੰਡਾਂ ਨੂੰ ਆਪਣੇ ਘਰਾਂ ਵੱਲ ਮੋੜਿਆ ਜਾ ਰਿਹਾ ਹੈ। ਲੋਕ ਆਖਦੇ ਹਨ ਕਿ ਇੱਕ ਮੰਤਰੀ ਦੇ ਇਲਾਕੇ ਵਿੱਚ ਸਰਕਾਰੀ ਯੋਜਨਾ ਦੇ ਨਾਂ 'ਤੇ ਕੰਮ ਸ਼ੁਰੂ ਹੁੰਦਾ ਹੈ ਪਰ ਠੇਕੇਦਾਰਾਂ ਤੋਂ ਪਹਿਲਾਂ ਹੀ "ਹਿੱਸਾ" ਮੰਗਿਆ ਜਾਂਦਾ ਹੈ। ਜੋ ਠੇਕੇਦਾਰ ਹਿੱਸਾ ਦੇਵੇ, ਉਸਦਾ ਕੰਮ ਤੇਜ਼ੀ ਨਾਲ ਚੱਲਦਾ ਹੈ ਜੋ ਇਨਕਾਰ ਕਰੇ ਉਸਦੀ ਫਾਈਲਾਂ ਮਹੀਨਿਆਂ ਤੱਕ ਧੂੜ ਖਾਂਦੀਆਂ ਰਹਿੰਦੀਆਂ ਹਨ। ਇਹ ਰਵੱਈਆ ਲੋਕਤੰਤਰ ਨਹੀਂ ਸਿੱਧਾ-ਸਿੱਧਾ ਦਬਦਬੇ ਦੀ ਸਿਆਸਤ ਹੈ। ਸਰਕਾਰ ਆਖਦੀ ਹੈ ਕੁਰੱਪਸ਼ਨ ਜੀਰੋ ਫੀਸਦੀ ਬਰਦਾਸਤ ਨਹੀਂ ਜਦਕਿ ਲੱਗਦਾ ਇਹ ਹੈ ਕਿ ਕਮਿਸਨ ਖੋਰੀ ਨੇ ਜ਼ੀਰੋ ਨੂੰ ਹੀਰੋ ਬਣਾ ਦਿੱਤੈ।

ਇਸ ਤੋਂ ਵੀ ਵੱਧ ਦੁਖਦਾਈ ਉਦਾਹਰਨਾਂ ਉਹ ਹਨ ਜਦੋਂ ਅਧਿਕਾਰੀਆਂ 'ਤੇ ਦਬਾਅ ਪਾਇਆ ਜਾਂਦਾ ਹੈ ਕਿ ਠੇਕੇ ਗੱਬਰ ਦੇ "ਆਪਣਿਆਂ" ਨੂੰ ਦਿੱਤੇ ਜਾਣ। ਕਈ ਵਾਰ ਅਧਿਕਾਰੀ ਇਮਾਨਦਾਰੀ ਨਾਲ ਨਿਯਮਾਂ ਦੀ ਗੱਲ ਕਰਦੇ ਹਨ ਪਰ ਉਨ੍ਹਾਂ ਨੂੰ ਤਬਾਦਲੇ ਦੀ ਧਮਕੀ, ਜਾਂਚਾਂ ਦਾ ਡਰ ਅਤੇ ਬੇਇਜ਼ਤੀ ਦਾ ਸਾਹਮਣਾ ਕਰਨਾ ਪੈਂਦਾ ਹੈ। ਕੁਝ ਮਾਮਲਿਆਂ ਵਿੱਚ ਤਾਂ ਇੰਨਾ ਦਬਾਅ ਬਣਾਇਆ ਜਾਂਦਾ ਹੈ ਕਿ ਅਧਿਕਾਰੀ ਤੰਗ ਆ ਕੇ ਅਤਿਵਾਦੀ ਕਦਮ ਚੁੱਕਣ ਤੱਕ ਮਜਬੂਰ ਹੋ ਜਾਂਦੇ ਹਨ। ਇਹ ਸਿਰਫ਼ ਇੱਕ ਵਿਅਕਤੀ ਦੀ ਨਹੀਂ, ਪੂਰੇ ਪ੍ਰਸ਼ਾਸਨਿਕ ਢਾਂਚੇ ਦੀ ਹਾਰ ਹੁੰਦੀ ਹੈ। ਪਿੰਡਾਂ ਵਿੱਚ ਲੋਕ ਗੱਲਾਂ ਕਰਦੇ ਹਨ ਕਿ ਕਿਸੇ ਨੇ ਟਰਾਲੀਆਂ ਦੇ ਰੇਤ-ਬਜਰੀ ਦੇ ਕੰਮ ਵਿੱਚੋਂ ਹਿੱਸਾ ਮੰਗਿਆ, ਕਿਸੇ ਨੇ ਠੇਕਿਆਂ 'ਤੇ ਆਪਣੇ ਰਿਸ਼ਤੇਦਾਰਾਂ ਨੂੰ ਬਿਠਾਇਆ ਤੇ ਕਿਸੇ ਨੇ ਸਰਕਾਰੀ ਮਸ਼ੀਨਰੀ ਨੂੰ ਨਿੱਜੀ ਜਾਇਦਾਦ ਵਾਂਗ ਵਰਤਿਆ। ਜਦੋਂ ਲੋਕਾਂ ਦੀ ਮਿਹਨਤ ਦੀ ਕਮਾਈ ਨਾਲ ਭਰਿਆ ਖ਼ਜ਼ਾਨਾ ਇਸ ਤਰ੍ਹਾਂ ਲੁੱਟਿਆ ਜਾਂਦਾ ਹੈ ਤਾਂ ਆਮ ਆਦਮੀ ਦੇ ਦਿਲ ਵਿੱਚ ਗੁੱਸਾ ਪੈਦਾ ਹੋਣਾ ਸੁਭਾਵਿਕ ਹੈ। ਕਿੱਕਲੀਆਂ ਗਾਉਣ ਬਣਾਉਣ ਤੇ ਪੂਰਾ ਜੋਰ ਹੈ ਕਥਿੱਤ ਰੂਪ ਵਿੱਚ ਸਾਰਾ ਸਿਸਟਮ ਕਮਿਸਨਖੋਰ ਹੈ। ਸਿਆਸਤ ਦਾ ਮਕਸਦ ਅਵਾਮ ਦੀ ਭਲਾਈ ਕਰਨਾਂ ਹੁੰਦਾ ਹੈ ਨਾ ਕਿ ਅਵਾਮ ਦੇ ਖੂਨ ਪਸੀਨੇ ਵਿੱਚੋਂ ਦਿੱਤੇ ਟੈਕਸਾਂ ਬਾਪ ਦਾ ਮਾਲ ਸਮਝਕੇ ਖ਼ੁਦ ਦੀ ਦੌਲਤ ਵਧਾਉਣਾ ਹੁੰਦੇ। ਜੇ ਮੰਤਰੀ ਲੋਕਾਂ ਦੇ ਨੁਮਾਇੰਦੇ ਬਣਨ ਦੀ ਥਾਂ ਡਰ ਦਾ ਮਾਹੌਲ ਬਣਾਉਣ ਲੱਗ ਜਾਣ, ਤਾਂ ਇਹ ਲੋਕਤੰਤਰ ਲਈ ਖ਼ਤਰੇ ਦੀ ਘੰਟੀ ਹੈ। ਲੋੜ ਇਸ ਗੱਲ ਦੀ ਹੈ ਕਿ ਪਾਰਦਰਸ਼ਤਾ, ਜਵਾਬਦੇਹੀ ਅਤੇ ਕਾਨੂੰਨ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ। ਨਹੀਂ ਤਾਂ ਲੋਕਾਂ ਦੇ ਮਨ ਵਿੱਚ ਇਹ ਧਾਰਨਾ ਹੋਰ ਮਜ਼ਬੂਤ ਹੋ ਜਾਵੇਗੀ ਕਿ ਕੁਰਸੀ 'ਤੇ ਬੈਠੇ ਕੁਝ ਲੋਕ ਸੇਵਕ ਨਹੀਂ ਸਗੋਂ ਅੱਜ ਨਵੇਂ ਰੂਪ ਵਿੱਚ ਉਭਰੇ "ਡਾਕੂ" ਹਨ ਜੋ ਦਿਨ ਦੇ ਉਜਾਲੇ ਵਿੱਚ ਹੀ ਜਨਤਾ ਦਾ ਹੱਕ ਲੁੱਟਦੇ ਤੇ ਕੁੱਟਦੇ ਹਨ। ਮੈਂ ਡਾਕੂ ਗੱਬਰ ਸਿੰਘ ਬੋਲਦੈਂ, ਹਾਲਾਤਾਂ ਅਨੁਸਾਰ ਪੰਜਾਬ ਦੇ ਮੰਤਰੀ ਜੇ ਫੋਨ ਤੇ ਕਿਸੇ ਨਾਲ ਵੀ ਗੱਲਬਾਤ ਕਰਦੇ ਇਹ ਵੀ ਆਖ ਦੇਣ ਤਾਂ ਵੀ ਇਹਨਾਂ ਦਾ ਕੋਈ ਕੱਖ ਨਹੀਂ ਵਿਗਾੜ ਸਕਦਾ ਕਿਉਂਕਿ ਜਵਾਬ ਦੇਣ ਵਾਲੇ ਲਈ ਦੋ ਹੀ ਰਸਤੇ ਹਨ "ਜੇਲ ਜਾਂ ਕਬਰਾਂ"।



**ਪੱਤਰਕਾਰ ਬਲਦੇਵ ਸਿੰਘ ਜਨੂਹਾ,**
**98148 24215**



# ਸੇਹਰੇ ਤੇ ਸਿੱਖਿਆ

ਉਦੋਂ ਮੁੰਡੇ ਦੇ ਵਿਆਹ ਵਿੱਚ ਸੇਹਰਾ ਅਤੇ ਕੁੜੀ ਦੇ ਵਿਆਹ ਵਿੱਚ ਸਿਖਿਆ ਪੜ੍ਹੀ ਜਾਂਦੀ ਸੀ। ਸੇਹਰੇ ਲਈ ਤਾਂ ਕੋਈ ਖ਼ਾਸ ਆਦਮੀ ਬੁਲਾਇਆ ਜਾਂਦਾ ਸੀ ਤੇ ਸਿਖਿਆ ਕੁੜੀ ਦੀਆਂ ਭੈਣਾਂ ਜ਼ਾ ਸਹੇਲੀਆਂ ਹੀ ਪੜ੍ਹਦੀਆਂ ਸਨ। ਸਾਡੇ ਗੁਆਂਢ ਵਿੱਚ ਰਹਿੰਦੀਆਂ ਦੋ ਭੈਣਾਂ ਦਾ ਵਿਆਹ ਸੀ ਤੇ ਉਹਨਾਂ ਨੇ ਮੈਨੂੰ ਸਿੱਖਿਆ ਬੋਲਣ ਨੂੰ ਕਿਹਾ। ਓਦੋਂ ਮੈਂ ਪੰਜਵੀ ਚ ਪੜ੍ਹਦਾ ਸੀ। ਭਾਵੇਂ ਮੇਰੀ ਆਵਾਜ਼ ਪੰਜਾਬ ਦੇ ਉਸ ਕੈਬਨਿਟ ਮੰਤਰੀ ਵਰਗੀ ਸੀ ਜਿਹੜਾ ਮਿੱਡ ਡੇ ਮੀਲ ਚੈੱਕ ਕਰਨ ਕਰਕੇ ਮਸ਼ਹੂਰ ਹੋਇਆ ਸੀ। ਖੈਰ ਆਪਾਂ ਆਪਣੇ ਕੋਨਫੀਡੈਂਸ ਦੇ ਬਲਬੂਤੇ ਤੇ ਹਾਮੀ ਭਰ ਦਿੱਤੀ। ਵਿਆਹ ਦੇ ਦਿਨ, ਆਨੰਦ ਕਾਰਜ ਤੋਂ ਬਾਅਦ ਡਿਊਟੀ ਵੀ ਨਿਭਾ ਦਿੱਤੀ। ਕੁੱਲ ਮਿਲਾਕੇ ਮੈਨੂੰ ਸਾਢੇ ਤਿੰਨ ਰੁਪਏ ਭੇਟਾ ਮਿਲੀ। ਪ੍ਰੰਤੂ ਮੇਰੇ ਤੇ ਆਨੰਦ ਕਾਰਜ ਕਰਵਾਉਣ ਵਾਲਾ ਭਾਈ ਜੀ ਗੁੱਸੇ ਹੋ ਗਿਆ। ਕਿਉਂਕਿ ਇਹ ਕਾਰਜ ਉਸਦਾ ਸੀ ਤੇ ਉਸਦੀ ਚੰਗੀ ਦਿਹਾੜੀ ਬਣਨੀ ਸੀ। ਪ੍ਰੰਤੂ ਮੈਂ ਆਪਣੀ ਪਹਿਲੀ ਕਮਾਈ ਤੇ ਖੁਸ਼ ਸੀ। ਇਹ ਸੇਵਾ ਮੈਨੂੰ ਦੋ ਤਿੰਨ ਵਿਆਹਾਂ ਤੇ ਨਿਭਾਉਣ ਦਾ ਮੌਕਾ ਮਿਲਿਆ ਭਾਵੇਂ ਭਾਈ ਜੀ ਦਾ ਗੁੱਸਾ ਬਰਕਰਾਰ ਸੀ। ਪ੍ਰੰਤੂ ਫਿਰ ਮੈਂ ਕਦੇ ਸਟੇਜ ਤੇ ਨਾ ਚੜ੍ਹਿਆ। ਸੇਵਾ ਮੁਕਤੀ ਤੋਂ ਬਾਅਦ ਹੁਣ ਬੋਲਣ ਲੱਗਿਆਂ ਲੱਤਾਂ ਲਛਮਣ ਝੂਲੇ ਵਾਂਗੂ ਨਹੀਂ ਕੰਬਦੀਆਂ ਆਵਾਜ਼ ਭਾਵੇਂ ਹੁਣ ਵੀ ਰਾਜੇ ਵੜਿੰਗ ਵਰਗੀ ਹੋ ਜਾਂਦੀ ਹੈ।



**ਰਮੇਸ਼ ਸੇਠੀ ਬਾਦਲ**
**9876627233**

# ਵਿਆਹਾਂ-ਸਮਾਗਮਾਂ 'ਚ ਹੋ ਰਹੀ ਖਾਣੇ ਦੀ ਬਰਬਾਦੀ




ਜ਼ਿੰਦਗੀ ਖੂਬਸੂਰਤ ਹੈ ।ਸਾਨੂੰ ਜ਼ਿੰਦਗੀ ਦੇ ਹਰ ਪਲ ਦਾ ਆਨੰਦ ਮਾਨਣਾ ਚਾਹੀਦਾ ਹੈ। ਕੁਦਰਤ ਵੀ ਰੱਬ ਹੈ। ਸੰਸਾਰ ਵਿਚ ਵਿਚਰਦੇ ਹੋਏ ਸਾਡਾ ਤਰਾਂ ਤਰਾਂ ਦੇ ਲੋਕਾਂ ਨਾਲ ਮੇਲ-ਮਿਲਾਪ ਹੁੰਦਾ ਰਹਿੰਦਾ ਹੈ। ਕਈ ਸਾਡੇ ਦਿਲੋਂ ਗ਼ਰੀਬੀ ਹੋ ਜਾਂਦੇ ਹਨ ਤੇ ਕਈਆਂ ਨਾਲ ਸਾਡੀ ਡੂੰਘੀਆਂ ਸਾਂਝਾ ਪੈ ਜਾਂਦੀਆਂ ਹਨ। ਫਿਰ ਸਾਡੇ ਉਹ ਧਾਰਮਿਕ ਪ੍ਰੋਗਰਾਮਾਂ ,ਵਿਆਹ ਕਾਰਜਾਂ, ਸੁੱਖ ਦੁੱਖ ਵਿਚ ਸ਼ਾਮਿਲ ਹੁੰਦੇ ਜਾਂਦੇ ਹਨ। ਅਸੀਂ ਵੀ ਉਹਨਾਂ ਮਿੱਤਰਾਂ ਦੋਸਤਾਂ ਦੇ ਹਰ ਪ੍ਰੋਗਰਾਮ ਵਿੱਚ ਸ਼ਰੀਕ ਹੁੰਦੇ ਹਨ। ਅਕਸਰ ਅੱਜ ਕਲ ਅਸੀਂ ਦੇਖਦੇ ਹਾਂ ਕਿ ਵਿਆਹਾਂ ਵਿੱਚ ਬਹੁਤ ਤਰ੍ਹਾਂ ਦੇ ਪਕਵਾਨ ਬਣਦੇ ਹਨ। ਅਕਸਰ ਅਸੀਂ ਸਾਰੇ ਹੀ ਜਾਣਦੇ ਹਨ ਕਿ ਜੋ ਇਹ ਖਾਣਾ ਹੁੰਦਾ ਹੈ, ਉਹ ਸਾਡੇ ਲਈ ਹੀ ਹੁੰਦਾ ਹੈ। ਸਾਨੂੰ ਖਾਣੇ ਦੀ ਇੱਜ਼ਤ ਕਰਨੀ ਚਾਹੀਦੀ ਹੈ।ਜੋ ਘਰ ਦਾ ਮੁਖੀਆਂ ਹੁੰਦਾ ਹੈ , ਜਿਸ ਨੂੰ ਅਕਸਰ ਚੌਧਰੀ ਵੀ ਕਹਿੰਦੇ ਹਨ।ਉਸਨੂੰ ਹੁੰਦਾ ਹੈ ਕਿ ਮੈਂ ਆਪਣੇ ਮਹਿਮਾਨਾਂ ਦੀ ਬਹੁਤ ਚੰਗੀ ਤਰ੍ਹਾਂ ਸੇਵਾ ਕਰਾਂ। ਜੋ ਵੀ ਯਾਰ ਦੋਸਤ ਕਰੀਬੀ ਮਿੱਤਰ ਰਿਸ਼ਤੇਦਾਰ ਮੇਰੇ ਪ੍ਰੋਗਰਾਮ ਵਿਚ ਸ਼ਰੀਕ ਹੋਣਗੇ ,ਉਨ੍ਹਾਂ ਦੀ ਮੈਂ ਚੰਗੀ ਤਰ੍ਹਾਂ ਆਓ ਭਗਤ ਕਰਾਂ।

ਤਕਰੀਬਨ 10 ਤੋਂ 12 ਤਰ੍ਹਾਂ ਦੀਆਂ ਸਬਜ਼ੀਆਂ ਬਣਦੀਆਂ ਹਨ। ਠੀਕ ਇਸੇ ਤਰ੍ਹਾਂ ਪੰਜ ਤੋਂ ਛੇ ਤਰ੍ਹਾਂ ਦੀਆਂ ਮਠਿਆਈਆਂ ਹੁੰਦੀਆਂ ਹਨ। ਅਕਸਰ ਅਸੀਂ ਦੇਖਦੇ ਹਾਂ ਕਿ ਵਿਆਹਾਂ ਦੌਰਾਨ ਲੋਕ ਪੂਰੀ ਪਲੇਟ ਭਰ ਲੈਂਦੇ ਹਨ। ਜਿੰਨੀਆਂ ਵੀ ਸਬਜ਼ੀਆਂ ਬਣੀਆਂ ਹੁੰਦੀਆਂ ਹਨ ,ਉਹ ਸਾਰੀਆਂ ਸਬਜ਼ੀਆਂ ਉਹ ਪਲੇਟ ਵਿੱਚ ਪਾ ਲੈਂਦੇ ਹਨ। ਸਾਰਿਆਂ ਨੂੰ ਹੀ ਪਤਾ ਹੈ ਕਿ ਵਿਆਹਾਂ ਵਿੱਚ ਮਸਾਲਿਆਂ ਦੀ ਜ਼ਿਆਦਾ ਵਰਤੋਂ ਹੁੰਦੀ ਹੈ। ਤੇਲ ਬਹੁਤ ਜ਼ਿਆਦਾ ਪਾਇਆ ਜਾਂਦਾ ਹੈ। ਲੋਕ ਜ਼ਿਆਦਾ ਸੁਆਦ ਦੇ ਚੱਕਰ ਵਿੱਚ ਸਾਰੀਆਂ ਸਬਜ਼ੀਆਂ, ਚਾਵਲ ,ਤੰਦੂਰੀ ਰੋਟੀਆਂ ਹੋਰ ਵੀ ਵੱਖ-ਵੱਖ ਤਰ੍ਹਾਂ ਦੇ ਪਕਵਾਨ ਇੱਕ ਹੀ ਪਲੇਟ ਵਿਚ ਭਰ ਲੈਂਦੇ ਹਨ। ਉਨ੍ਹਾਂ ਲੋਕਾਂ ਤੋਂ ਫਿਰ ਉਹ ਖਾਣਾ ਖਾਇਆ ਨਹੀਂ ਜਾਂਦਾ। ਫਿਰ ਉਨ੍ਹਾਂ ਲੋਕਾਂ ਨੂੰ ਇਹ ਹੁੰਦਾ ਹੈ ਕਿ ਮੈਨੂੰ ਕੋਈ ਦੇਖਦਾ ਤਾਂ ਨਹੀਂ ਹੈ , ਅਜਿਹੇ ਲੋਕ ਫਿਰ ਉਹ ਖਾਣੇ ਨਾਲ ਭਰੀ ਹੋਈ ਪਲੇਟ ਜਾਂ ਤਾਂ ਮੇਜ਼ਾਂ ਥੱਲੇ ਰੱਖ ਦਿੰਦੇ ਹਨ ,ਜਾਂ ਜੋ ਉੱਥੇ ਝੂਠੇ ਬਰਤਨ ਰੱਖੇ ਹੁੰਦੇ ਹਨ, ਉਨ੍ਹਾਂ ਵਿੱਚ ਉਹ ਖਾਣੇ ਨਾਲ ਭਰੀ ਹੋਈ ਪਲੇਟ ਰੱਖ ਦਿੰਦੇ ਹਨ।

ਕਈ ਵਾਰ ਅਸੀਂ ਬੇਸਬਰਿਆਂ ਦੀ ਤਰ੍ਹਾਂ ਖਾਣਾ ਖਾਂਦੇ ਹਨ। ਕਈ ਲੋਕ ਤਾਂ ਪੇਟ ਨੂੰ ਕੂੜਾਦਾਨ ਹੀ ਸਮਝਦੇ ਹਨ, ਕਿ ਭਰ ਦੇ ਰਹੋ, ਜਿੰਨਾ ਹੋ ਸਕੇ। ਇਹ ਬਹੁਤ ਗਲਤ ਗੱਲ ਹੈ। ਫਿਰ ਅਜਿਹੇ ਲੋਕ ਪੇਟ ਨੂੰ ਫੜਕੇ ਫਿਰਦੇ ਰਹਿੰਦੇ ਹਨ। ਕਹਿੰਦੇ ਹਨ ਕਿ ਤੇਜ਼ਾਬ ਬਣ ਗਿਆ। ਭਲੇ ਮਾਣਸੋ !ਪੇਟ ਤਾਂ ਤੁਹਾਡਾ ਹੀ ਸੀ। ਜੇ ਪੁੱਛਿਆ ਜਾਵੇ ਤੁਸੀਂ ਕਿਉਂ ਬੇਸਬਰਿਆਂ ਦੀ ਤਰ੍ਹਾਂ ਖਾਣਾ ਖਾਧਾ। ਫਿਰ ਉਹ ਲੋਕ ਪਤਾ ਨਹੀਂ ਕਿੰਨੀ ਕੁ ਦਵਾਈ ਖਾਂਦੇ ਹਨ, ਕਿ ਉਨ੍ਹਾਂ ਦਾ ਖਾਣਾ ਹਜ਼ਮ ਹੋ ਜਾਵੇ। ਥੋੜਾ ਖਾਓ ,ਪਰ ਚੰਗੀ ਤਰ੍ਹਾਂ ਖਾਓ।

ਵਿਚਾਰਨ ਵਾਲੀ ਗੱਲ ਹੈ ਸਾਨੂੰ ਵਿਆਹਾਂ ਵਿੱਚ ਜਾਂ ਪ੍ਰੋਗਰਾਮਾਂ ਵਿੱਚ ਕੋਈ ਵੀ ਨਹੀਂ ਟੋਕਦਾ ਕਿ ਤੁਸੀਂ ਥੋੜਾ ਖਾਣਾ ਹੈ। ਜਾਂ ਇਕ ਵਾਰ ਖਾਣਾ ਹੈ। ਦੁਬਾਰਾ ਪਲੇਟ ਨਹੀਂ ਲੈਣੀ ਹੈ। ਸਾਨੂੰ ਬਹੁਤ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਜਦੋਂ ਵੀ ਅਸੀਂ ਧਾਰਮਿਕ ਪ੍ਰੋਗਰਾਮ ਜਾਂ ਵਿਆਹ ਕਾਰਜ ਜਾਂ ਕਿਸੇ ਵੀ ਪ੍ਰੋਗਰਾਮ ਵਿੱਚ ਜਾਂਦੇ ਹਨ, ਤਾਂ ਸਭ ਤੋਂ ਪਹਿਲਾਂ ਸਾਨੂੰ ਉਥੇ ਸਾਰੇ ਹੀ ਟੇਬਲਾਂ ਤੇ ਨਜ਼ਰ ਮਾਰ ਲੈਣੀ ਚਾਹੀਦੀ ਹੈ ਕਿ ਕਿਹੜੀ ਦਾਲ ਸਬਜ਼ੀ ਮੈਂ ਖਾਣੀ ਹੈ। ਜਿੰਨਾ ਹੋ ਸਕੇ ਪਲੇਟ ਵਿੱਚ ਉਨ੍ਹਾਂ ਸਲਾਦ ਲਵੋ। ਅਕਸਰ ਇਹ ਵੀ ਦੇਖਣ ਨੂੰ ਮਿਲਦਾ ਹੈ ਕਿ ਲੋਕ ਪਹਿਲਾਂ ਤਾਂ ਤਰਾਂ ਤਰਾਂ ਦੇ ਸਲਾਦ ਪਲੇਟ ਵਿੱਚ ਰੱਖ ਲੈਂਦੇ ਹਨ, ਫਿਰ ਉਹ ਸੁਆਦ ਨਹੀਂ ਲੱਗਦਾ ਤਾਂ ਉਸਨੂੰ ਵੀ ਇਸੇ ਤਰਾਂ ਪਲੇਟ ਵਿੱਚ ਛੱਡ ਦਿੰਦੇ ਹਨ। ਸਾਨੂੰ ਉੱਥੇ ਰੋਕ-ਟੋਕ ਕਰਨ ਵਾਲਾ ਕੋਈ ਵੀ ਨਹੀਂ ਹੁੰਦਾ। ਜਿੰਨੀ ਸਾਨੂੰ ਜ਼ਰੂਰਤ ਹੈ ਉਹੀ ਚੀਜ਼ ਲਵੋ। ਪਲੇਟ ਵਿਚ ਜਿਹੜਾ ਸਲਾਦ ਅਸੀਂ ਪਸੰਦ ਕਰਦੇ ਹਨ, ਉਹ ਪਾਓ । ਫਿਰ ਜਿਹੜੀ ਦਾਲ-ਸਬਜ਼ੀ ਸਾਨੂੰ ਪਸੰਦ ਹੈ ਉਹੀਂ ਪਲੇਟ ਵਿੱਚ ਪਾਉ ਜਿੰਨੀ ਅਸੀ ਖਾਂ ਸਕਦੇ ਹੋਣ। ਦੁਬਾਰਾ ਲੈ ਲਵੋ। ਉਥੇ ਕਿਹੜਾ ਮਨਾਹੀ ਹੈ ਜਾਂ ਕਿਸੇ ਨੇ ਟੋਕਣਾ ਹੈ। ਜਾਂ ਕੋਈ ਤੁਹਾਨੂੰ ਕਹਿ ਦੇਵੇਗਾ ਕਿ ਤੁਸੀਂ ਇੰਨੀ ਵਾਰ ਇਹ ਸਬਜ਼ੀ ਖਾਧੀ ਹੈ, ਜਾਂ ਬਾਰ-ਬਾਰ ਤੁਸੀਂ ਖਾਣਾ ਲੈਣ ਲਈ ਮੇਜ਼ਾਂ ਦੇ ਨੇੜੇ ਆ ਰਹੇ ਹੋ। ਜੇ ਇਸ ਤਰ੍ਹਾਂ ਅਸੀਂ ਕਰਾਂਗੇ ਤਾਂ ਖਾਣੇ ਦੀ ਬਿਲਕੁਲ ਵੀ ਬਰਬਾਦੀ ਨਹੀਂ ਹੋਵੇਗੀ। ਠੀਕ ਇਸੇ ਤਰ੍ਹਾਂ ਪੰਜ ਜਾਂ ਛੇ ਤਰਾਂ ਦੀਆਂ ਮਠਿਆਈਆਂ ਲੱਗੀਆਂ ਹੁੰਦੀਆਂ ਹਨ। ਜਿਹੜੀ ਮਠਿਆਈ ਸਾਨੂੰ ਪਸੰਦ ਹੈ, ਉਹੀ ਖਾਓ। ਸਾਰੀ ਮਿਠਾਈਆਂ ਇਕੋ ਸਮੇਂ ਪਲੇਟ ਵਿੱਚ ਭਰਨ ਤੋਂ ਵਧੀਆ ਹੈ ਕਿ ਥੋੜਾ ਥੋੜਾ ਖਾਓ।

ਕਦੇ ਅਸੀਂ ਸੋਚਿਆ ਹੈ ਕਿ ਜੋ ਅਸੀਂ ਖਾਣਾ ਪਲੇਟਾਂ ਵਿੱਚ ਭਰ ਕੇ ਫਿਰ ਬਾਅਦ ਵਿੱਚ ਉਸ ਨੂੰ ਨਕਾਰ ਦਿੰਦੇ ਹਨ,ਭਾਵ ਉਹ ਖਾਣਾ ਕੂੜੇ 'ਚ ਸੁੱਟ ਦਿੱਤਾ ਜਾਂਦਾ ਹੈ। ਅੱਜ ਮਹਿੰਗਾਈ ਸਿਖਰਾਂ ਤੇ ਪੁੱਜ ਚੁੱਕੀ ਹੈ। ਹਰ ਚੀਜ਼ ਮਹਿੰਗੀ ਹੋ ਗਈ ਹੈ। ਜਿਹੜਾ ਬੰਦਾ ਆਪਣੇ ਘਰ ਵਿੱਚ ਅਜਿਹੇ ਪ੍ਰੋਗਰਾਮ ਕਰਵਾਉਂਦਾ ਹੈ ,ਉਸ ਨੂੰ ਪੁੱਛ ਕੇ ਦੇਖੋ ਕਿਸ ਤਰ੍ਹਾਂ ਉਹ ਵਿਆਹਾਂ ਤੇ ਪੈਸਾ ਖਰਚਦਾ ਹੈ। ਅਕਸਰ ਕਈ ਵਾਰ ਹੁੰਦਾ ਹੈ ਕਿ ਸਬਜ਼ੀ ਦਾਲ ਵਿੱਚ ਹਲਵਾਈ ਜ਼ਿਆਦਾ ਤੇਲ ਜਾਂ ਨਮਕ ਵੀ ਪਾ ਦਿੰਦੇ ਹਨ।ਇਹ ਵੀ ਇੱਕ ਖਾਣਾ ਬਰਬਾਦ ਕਰਨ ਦਾ ਕਾਰਣ ਹੈ। ਅਕਸਰ ਅੱਜ-ਕੱਲ੍ਹ ਪਲੇਟ ਸਿਸਟਮ ਹੈ। ਜੋ ਕੈਟਰਿੰਗ ਦਾ ਮਾਲਕ ਹੁੰਦਾ ਹੈ, ਉਸ ਨੇ ਤਾਂ ਪਲੇਟਾਂ ਗਿਣਨੀਆਂ ਹੁੰਦੀਆਂ ਹਨ। ਚਾਹੇ ਤੁਸੀਂ ਉਹ ਭਰੀ ਭਰਾਈ ਪਲੇਟ ਇਸੇ ਤਰ੍ਹਾਂ ਝੂਠੇ ਭਾਂਡਿਆਂ 'ਚ ਰੱਖ ਦੇਵੋ। ਭਰਪਾਈ ਤਾਂ ਮਾਲਕ ਨੂੰ ਕਰਨੀ ਪੈਣੀ।ਅਕਸਰ ਕਈ ਵਾਰ ਤਾਂ ਵਿਆਹ ਕਾਰਜਾਂ ਵਿੱਚ ਖਾਣਾ ਵੀ ਥੋੜਾ ਰਹਿ ਜਾਂਦਾ ਹੈ। ਉਹਨਾਂ ਲੋਕਾਂ ਨੂੰ ਪੁੱਛ ਕੇ ਦੇਖੋ ਜਿਨ੍ਹਾਂ ਨੂੰ ਦੋ ਸਮੇਂ ਦੀ ਰੋਟੀ ਵੀ ਨਸੀਬ ਨਹੀਂ ਹੁੰਦੀ। ਸਾਨੂੰ ਖਾਣੇ ਦੀ ਕਦਰ ਕਰਨੀ ਚਾਹੀਦੀ ਹੈ। ਭੋਜਨ ਸਾਡੇ ਲਈ ਹੀ ਬਣਿਆ ਹੈ ,ਸੋ ਸਾਨੂੰ ਭੋਜਨ ਦਾ ਦਿਲੋਂ ਸਤਿਕਾਰ ਕਰਨਾ ਚਾਹੀਦਾ ਹੈ।



ਸੰਜੀਵ ਸਿੰਘ ਸੈਣੀ,
ਮੋਹਾਲੀ
7888966168

# ਜੀਵਨ ਜਿਉਣ ਲਈ ਕਈ ਪੜਾਅ ਪਾਰ ਕਰਨੇ ਪੈਂਦੇ ਹਨ

ਜਿਵੇ ਮੌਤ ਸਾਡੀ ਜਿੰਦਗੀ ਦੇ ਨਾਲ ਜੁੜੀ ਹੋਈ ਹੈ,ਠੀਕ ਉਸੇ ਤਰਾਂ ਸਾਡੇ ਜੀਵਨ ਵਿੱਚ ਕਈ ਤਰਾਂ ਦੇ ਪੜਾਅ ਆਉਦੇ ਹਨ,ਜਿਵੇਂ ਟੁੱਟਣਾ,ਖਿਲਰਨਾ,ਫਿਰ ਇਕੱਠੇ ਹੋਣਾ,ਅਤੇ ਉਸ ਤੋਂ ਬਾਅਦ ਸੁਧਾਰ ਹੋਣਾ।ਅਸੀ ਮਨੁੱਖੀ ਜੀਵਨ ਤੋਂ ਮੌਤ ਵੱਲ ਲਗਾਤਾਰ ਵੱਧ ਰਹੇ ਹਾਂ,ਅਤੇ ਏਸੇ ਤਰਾਂ ਹੀ ਉਨਾਂ ਦੀਆਂ ਜਿੰਦਗੀਆਂ ਵੀ ਵਾਰ-ਵਾਰ ਟੁੱਟ ਰਹੀਆਂ ਹਨ।ਜਦੋਂ ਇਨਸਾਨ ਟੁੱਟਦਾ ਹੈ ਤਾਂ ਲਾਜ਼ਮੀ ਤੌਰ ‘ਤੇ ਉਹ ਖਿਲਰੇਗਾ ਵੀ।ਖਿਲਰਨ ਤੋਂ ਬਾਅਦ ਉਸ ਨੇ ਇਕੱਠੇ ਵੀ ਹੋਣਾ ਹੈ।ਜਦੋ ਇਹ ਤਿੰਨ ਪ੍ਰਕਿਰਿਆਵਾਂ ਪੂਰੀਆਂ ਹੋ ਜਾਦੀਆਂ ਹਨ ਤਾਂ ਬਾਅਦ ਵਿੱਚ ਜੋ ਹੁੰਦਾ ਹੈ ਉਹ ਹੈ ਸੁਧਾਰ।ਜੇਕਰ ਅਸੀ ਆਪਣੇ ਜੀਵਨ ਤੇ ਥੋੜੀ ਜਿਹੀ ਨਜ਼ਰ ਮਾਰੀਏ ਤਾਂ ਦੇਖਿਆ ਹੋਵੇਗਾ ਕਿ ਹਾਲਾਤ ਲਗਾਤਾਰ ਵਿਗੜਦੇ ਚਲੇ ਜਾ ਰਹੇ ਹਨ।ਅਸੀ ਬਹੁਤ ਵਾਰ ਟੁੱਟੇ ਹਾਂ ਬਹੁਤ ਵਾਰ ਖਿਲਰੇ ਹਾਂ ਫਿਰ ਆਪਣੇ ਆਪ ਨੂੰ ਦੁਬਾਰਾ ਇਕੱਠੇ ਕੀਤਾ ਹੈ ਅਤੇ ਜਦੋ ਤੱਕ ਅਸੀ ਆਖਰੀ ਪੜਾਅ ਤੱਕ ਪਹੁੰਚੇ ਹਾਂ,ਅਸੀ ਇਕ ਵਾਰ ਫਿਰ ਸੁਧਰਨਾ ਸ਼ੁਰੂ ਕਰ ਦਿੱਤਾ ਹੁੰਦਾ ਹੈ। ਇਹ ਚਾਰ ਚੱਕਰ ਹਰ ਕਿਸੇ ਦੇ ਜੀਵਨ ਵਿੱਚ ਆਉਦੇ ਹਨ।ਟੁੱਟਣ ਤੋਂ ਲੈ ਕੇ ਸੁਧਰਨ ਤੱਕ ਇਹ ਪ੍ਰਕਿਰਿਆ ਜਾਰੀ ਰਹਿੰਦੀ ਹੈ।ਅਜਿਹਾ ਨਹੀ ਹੈ ਕਿ ਇਕ ਵਾਰ ਜਦੋਂ ਅਸੀ ਟੁੱਟ ਜਾਦੇ ਹਾਂ ਤਾਂ ਇਹ ਚੱਕਰ ਖਤਮ ਹੋ ਜਾਂਦਾ ਹੈ।ਅਸਲੀਅਤ ਵਿੱਚ,ਜਦੋਂ ਵੀ ਅਸੀ ਟੁੱਟਦੇ ਹਾਂ ਤਾਂ ਇਕ ਨਵੇ ਜੀਵਨ ਦੀ ਸ਼ੁਰੂਆਤ ਹੁੰਦੀ ਹੈ।ਟੁੱਟਣ ਦਾ ਮਤਲਬ ਅੰਤ ਨਹੀ ਹੈ ਸਗੋਂ ਇਕ ਸ਼ੁਰੂਆਤ ਹੁੰਦੀ ਹੈ।ਜਦੋਂ ਵੀ ਕੋਈ ਆਦਮੀ ਟੁੱਟਦਾ ਹੈ,ਤਾਂ ਉਸ ਨੂੰ ਸਮਝਣਾ ਚਾਹੀਦਾ ਹੈ ਕਿ ਉਹ ਆਪਣੇ ਆਪ ਨੂੰ ਸੰਭਲ ਸਕਦਾ ਹੈ।ਦਰਅਸਲ,ਠੀਕ ਹੋਣ ਦੀ ਯੋਗਤਾ ਪ੍ਰਾਪਤ ਕਰਨ ਵੱਲ ਪਹਿਲਾ ਕਦਮ ਕਿ ਕਿਹੜੇ ਕਾਰਨਾ ਕਰਕੇ ਟੁੱਟਿਆ ਹੈ ਇਹ ਜੁੜਣ ਦੇ ਲਈ ਪਹਿਲਾ ਕਦਮ ਕਿ ਜੋ ਟੁਟਿਆ ਹੈ ਉਹ ਜਰੂਰ ਜੁੜੇਗਾ,ਬਸ਼ਰਤ ਕਿ ਜੁੜਣ ਦੀ ਹਿੰਮਤ ਹੋਣੀ ਚਾਹੀਦੀ ਹੈ।ਜੁੜਦਾ ਵੀ ਉਹੀ ਹੈ ਜੋ ਟੁੱਟਦਾ ਹੈ।

ਮਨੁੱਖ ਆਪਣੀ ਸਾਰੀ ਜਿੰਦਗੀ ਜਿਉਣ ਦੀ ਕੋਸ਼ਿਸ਼ ਕਰਦਾ ਹੈ।ਜਿਉਣ ਦਾ ਅਰਥ ਹੈ ਜੀਵਨ ਦੇ ਸੰਗੀਤ ਵਿੱਚ ਡੁੱਬ ਜਾਣਾ,ਹਰ ਪਲ ਸਾਹ ਲੈਣ ਦੀ ਪ੍ਰਕਿਰਿਆ ਵਿੱਚੋਂ ਲੰਘਣਾ।ਜਦੋਂ ਇਹ ਸੰਗੀਤ ਵਿੱਚ ਮਗਨ ਹੋ ਜਾਂਦਾ ਹੈ ਤਾਂ ਇਸ ਨੂੰ ਡੁੱਬਣਾ ਕਿਹਾ ਜਾਂਦਾ ਹੈ।ਇਥੇ ਡੁੱਬਣ ਦਾ ਅਰਥ ਹੈ ਕਿ ਜੋ ਵੀ ਕਰਨਾ ਆਪਣੇ ਆਪ ਨੂੰ ਇਕਾਗਰਤਾ ਵਿੱਚ ਪੂਰੀ ਤਰਾਂ ਲੈ ਕੇ ਕਰਨਾ ਇਹ ਕੰਮ ਹਰ ਇਕ ਦੇ ਲਈ ਅਲੱਗ-ਅਲੱਗ ਹੋ ਸਕਦਾ ਹੈ।ਸੰਗੀਤ ਵਾਲੇ ਜਦੋਂ ਪੂਰੀ ਇਕਾਗਰਤਾ ਨਾਲ ਗਾਉਦੇ ਹਨ ਤਾਂ ਹਰ ਇਕ ਦੇ ਮੂੰਹ ਵਿੱਚੋ ਵਾਹ ਨਿਕਲਦੀ ਹੈ।

ਸੰਗੀਤ ਹੋਵੇ ਜਾਂ ਕੋਈ ਹੋਰ ਕੰਮ ਡੁੱਬਣਾ ਇਕੋ ਜਿਹਾ ਹੀ ਹੈ।ਹਰ ਕੋਈ ਕਹਿੰਦਾ ਹੈ ਕਿ ਹਰ ਵਿਅਕਤੀ ਟੁੱਟੇ ਹੋਏ ਸਾਜ ਨੂੰ ਨਹੀ ਸਮਝ ਸਕਦਾ।ਇਸੇ ਤਰਾਂ ਹੀ ਹਰ ਕੋਈ ਟੁੱਟੇ ਹੋਏ ਦਿਲ ਦੀਆਂ ਭਾਵਨਾਵਾਂ ਨੂੰ ਨਹੀ ਸਮਝ ਸਕਦਾ।ਸਿਰਫ਼ ਉਹੀ ਲੋਕ ਇਸ ਨੂੰ ਸਮਝ ਸਕਦੇ ਹਨ ਜੋ ਆਪ ਟੁੱਟੇ ਹੋਏ ਹੋਣ।ਟੁੱਟੇ ਹੋਏ ਦਿਲ ਵਾਲੇ ਵਿਅਕਤੀ ਨੂੰ ਮਾੜੀ ਸੋਚ ਨਾਲ ਨਹੀ ਦੇਖਣਾ ਚਾਹੀਦਾ।ਇਹ ਇੱਕ ਅੱਗੇ ਜਾਣ ਲਈ ਪਹਿਲਾ ਕਦਮ ਹੈ।ਜੀਵਨ ਦੀ ਸ਼ੁਰੂਆਤ ਦਿਲ ਟੁੱਟਣ ਤੋਂ ਹੀ ਸ਼ੁਰੂ ਹੁੰਦੀ ਹੈ।ਬਾਈਬਲ ਵਿੱਚ,ਯਿਸੂ ਨੇ ਕਿਹਾ ਸੀ ਕਿ ਜੇ ਤੁਸੀ ਮੰਗੋਗੇ,ਤਾਂ ਹੀ ਤੁਹਾਨੂੰ ਮਿਲੇਗਾ,ਕੁਝ ਪ੍ਰਾਪਤ ਕਰਨ ਦੇ ਲਈ ਤੁਹਾਨੂੰ ਮੰਗਣਾ ਪਵੇਗਾ।ਅਸੀ ਸਵੈਮਾਣ ਨੂੰ ਦੇਖਦੇ ਹੋਏ ਕਹਿ ਸਕਦੇ ਹਾਂ ਕਿ ਅਸੀ ਮੰਗਤੇ ਨਹੀ ਹਾਂ,ਅਸੀ ਕਿਸੇ ਅੱਗੇ ਹੱਥ ਨਹੀ ਅੱਡਾਂਗੇ,ਭਾਵੇ ਕੁਝ ਵੀ ਹੋ ਜਾਏ।ਪਰ ਇੱਥੇ ਹੱਥ ਅੱਡਣ ਦੀ ਗੱਲ ਨਹੀ ਹੋ ਰਹੀ ਏਥੇ ਤਾਂ ਜੋ ਤੁਹਾਡੇ ਕੋਲ ਨਹੀ ਹੈ ਤੁਸੀ ਆਪਣੇ ਵਾਸਤੇ ਲੈਣਾ ਚਾਹੁੰਦੇ ਹੋ ਤਾਂ ਤੁਸੀ ਪ੍ਰਾਪਤ ਕਰ ਸਕਦੇ ਹੋ। ਜੇਕਰ ਸਾਨੂੰ ਅਚਾਨਕ ਕੁਝ ਮਿਲ ਜਾਦਾ ਹੈ ਤਾਂ ਅਸੀ ਉਸ ਦੀ ਕਦਰ ਨਹੀ ਕਰਦੇ।ਜਿਸ ਨੂੰ ਪ੍ਰਾਪਤ ਕਰਨ ਲਈ ਅਸੀ ਵਾਰ ਵਾਰ ਟੁੱਟਦੇ ਜਾ ਰਹੇ ਹੁੰਦੇ ਹਾਂ ਜਾਂ ਕਹਿ ਲਈਏ ਕਿ ਟੁੱਟ ਟੁੱਟ ਕੇ ਮਰਦੇ ਹਾਂ,ਜਦੋਂ ਉਹ ਚੀਜ਼ ਸਾਨੂੰ ਮਿਲ ਜਾਂਦੀ ਹੈ ਤਾਂ ਸਾਡੇ ਦਿਲ ਨੂੰ ਸਕੂਨ ਜਿਹਾ ਮਿਲ ਜਾਂਦਾ ਹੈ।ਟੁੱਟਣ ਦਾ ਇਹ ਚੱਕਰ ਜਿੰਦਗੀ ਵਿੱਚ ਵਾਰ-ਵਾਰ ਚੱਲਦਾ ਹੈ।ਪਰ ਇਸ ਦੇ ਵਿੱਚ ਹੀ ਛੁਪਿਆ ਹੈ ਖਿਲਰਨਾ।ਖਿਲਰਨ ਵਿੱਚ ਕੀ ਹੁੰਦਾ ਹੈ ਕਿ ਸਾਡੇ ਚਾਰੇ ਪਾਸੇ ਹਨ੍ਹੇਰਾ ਛਾ ਜਾਂਦਾ ਹੈ,ਜਿਹੜੇ ਸਾਨੂੰ ਆਪਣਾ ਆਪਣਾ ਕਹਿੰਦੇ ਸੀ ਉਹ ਵੀ ਸਾਥ ਛੱਡ ਜਾਂਦੇ ਹਨ।ਹਰ ਕੋਈ ਇਸ ਹਨ੍ਹੇਰੇ ਦਾ ਫਾਇਦਾ ਉਠਾਉਦਾ ਹੈ।ਇਕ ਇਕ ਕਰਕੇ ਸਾਰੇ ਚਲੇ ਜਾਂਦੇ ਹਨ।ਜਦੋਂ ਸਾਨੂੰ ਥੋੜਾ ਜਿਹਾ ਹੋਸ਼ ਆਉਦਾ ਹੈ ਤਾਂ ਸਾਨੂੰ ਅਹਿਸਾਸ ਹੁੰਦਾ ਹੈ ਕਿ ਜਿੰਨਾਂ ਨੂੰ ਅਸੀ ਆਪਣਾ ਸਹਾਰਾ ਮੰਨਦੇ ਸੀ ਉਹ ਸਭ ਤੋਂ ਦੂਰ ਹੋ ਗਿਆ ਹੈ।ਉਦੋਂ ਤੁਹਾਡੇ ਨੇੜੇ ਕੋਈ ਨਹੀ ਹੁੰਦਾ ਬਸ ਇਹਨੂੰ ਹੀ ਕਹਿੰਦੇ ਹਨ ਖਿਲਰਨਾ।ਅਸੀ ਉਸ ਸਮੇ ਇਕੱਲੇ ਹੁੰਦੇ ਹਾਂ ਕਈ ਵਾਰ ਤਾਂ ਸਾਡੇ ਕੋਲ ਸਾਡਾ ਪ੍ਰਛਾਵਾਂ ਵੀ ਨਹੀ ਹੁੰਦਾ। ਲੋਕ ਆਉਦੇ ਹਨ ਕੁਝ ਇਧਰ ਤੋਂ ਕੁਝ ਉਧਰ ਤੋਂ ਸਾਨੂੰ ਦਿਲਾਸਾ ਦਿੰਦੇ ਹਨ,ਸਾਨੂੰ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ।ਉਹ ਖਿਲਰੇ ਹੋਏ ਸੱਚ ਨੂੰ ਬਾਹਰ ਲਿਆਉਦੇ ਹਨ।ਅਸੀ ਮੰਨ ਲੈਂਦੇ ਹਾਂ ਕਿ ਇਹ ਸਮਾਂ ਇਕੱਠਾ ਕਰਨ ਦਾ ਹੈ।ਪਰ ਇਹ ਪ੍ਰਕਿਰਿਆਂ ਬਹੁਤ ਸਮਾਂ ਲੈਦੀ ਹੈ।ਸੱਭ ਕੁਝ ਇਕੱਠਾ ਕਰਨ ਲਈ ਸਮਾਂ ਲੱਗ ਜਾਂਦਾ ਹੈ।ਜਦੋਂ ਸੱਭ ਕੁਝ ਇਕੱਠਾ ਹੋ ਜਾਂਦਾ ਹੈ ਤਾਂ ਸਾਨੂੰ ਅਜਿਹਾ ਮਹਿਸੂਸ ਹੁੰਦਾ ਹੈ ਕਿ ਜਿਵੇਂ ਅਸੀ ਬਹੁਤ ਔਖੇ ਰਸਤਿਆਂ ਵਿੱਚੋ ਨਿਕਲ ਕੇ ਖੁਲੀ ਹਵਾ ਵਿੱਚ ਸਾਹ ਲੈ ਰਹੇ ਹਾਂ।ਇਹ ਬੜਾ ਰੋਮਾਂਚਕ ਪਲ ਹੈ ਕਿ ਅਸੀ ਸੱਭ ਇਕੱਠੇ ਹੋਏ ਹਾਂ।ਇਕ ਪਰੀਖਿਆ ਦੀ ਘੜੀ ਨੂੰ ਪਾਰ ਕਰ ਲਿਆ ਅਤੇ ਆਪਣਿਆਂ ਨੂੰ ਪਛਾਣ ਲਿਆ ਹੈ। ਹੁਣ ਵਾਰੀ ਆਉਦੀ ਹੈ ਸੁਧਰਨੇ ਦੀ,ਸੁਧਰਨ ਦਾ ਮਤਲਬ ਕਿ ਹੌਲੀ ਹੌਲੀ ਆਪਣੇ ਆਪ ਨੂੰ ਪਹਿਲੇ ਵਾਲੀ ਪੁਜ਼ੀਸ਼ਨ ਵਿੱਚ ਲੈ ਕੇ ਆਉਣਾ।ਜਦੋਂ ਜਿੰਦਗੀ ਨੂੰ ਲੱਗਣ ਲੱਗ ਜਾਂਦਾ ਹੈ ਕਿ ਹੁਣ ਅਸੀ ਖੁਸ਼ੀ ਦੇ ਪਲਾਂ ਵਿੱਚ ਹਾਂ,ਤਾਂ ਇਹ ਉਹ ਜਗਾ ਹੈ ਜਿੱਥੋਂ ਸੁਧਰਨਾ ਸ਼ੁਰੂ ਹੁੰਦਾ ਹੈ।ਇਹਨਾਂ ਪਲਾਂ ਵਿੱਚ ਸੱਭ ਕੁਝ ਵਧੀਆ ਲੱਗਣ ਲੱਗ ਜਾਂਦਾ ਹੈ।ਸਾਡਾ ਪਰਿਵਾਰ ਸਾਡੇ ਨਾਲ ਹੁੰਦਾ ਹੈ,ਅਸੀ ਆਪਣੇ ਰਿਸ਼ਤੇਦਾਰਾਂ ਦੇ ਨਾਲ ਹੁੰਦੇ ਹਾਂ।ਅਸੀ ਬਹੁਤ ਖੁਸ਼ ਹੁੰਦੇ ਹਾਂ।ਖੁਸ਼ੀ ਸਾਡੀ ਉਡੀਕ ਕਰ ਰਹੀ ਹੁੰਦੀ ਹੈ।ਹਰ ਪਾਸਿਓ ਖੁਸ਼ੀਆਂ ਹੀ ਖੁਸ਼ੀਆਂ ਆਉਦੀਆਂ ਹਨ। ਸਹੀ ਮਾਇਨੇ ਵਿੱਚ ਜਿੰਦਗੀ ਰੁੱਕ ਜਿਹੀ ਜਾਦੀ ਹੈ।ਸਾਨੂੰ ਇਸ ਰੁੱਕੀ ਹੋਈ ਜਿੰਦਗੀ ਨੂੰ ਡੂੰਘੇ ਸਾਹਾਂ ਨਾਲ ਜਿਉਣਾ ਚਾਹੀਦਾ ਹੈ,ਕਿਉਕਿ ਅਗਲੇ ਹੀ ਪਲ ਫਿਰ ਸ਼ੁਰੂ ਹੋ ਸਕਦੀ ਹੈ ਟੁਟਣ ਦੀ ਪ੍ਰਕਿਰਿਆ।ਜਿਸ ਦੇ ਲਈ ਸ਼ਾਇਦ ਤਿਆਰ ਵੀ ਨਾ ਹੋਈਏ ।




ਅਮਰਜੀਤ ਚੰਦਰ ਲੁਧਿਆਣਾ

# ਜੱਟ ਦੀ ਜੂਨ ਬੁਰੀ... !


ਅੱਜ ਕੱਲ੍ਹ ਆਮ ਕਰਕੇ ਬਹੁਤੇ ਸ਼ਹਿਰੀ ਤਬਕਿਆਂ ਦੇ ਵਪਾਰੀ ਜਾਂ ਆਮ ਲੋਕ , ਪੇਂਡੂ ਕਾਮਿਆਂ ਜਾਂ ਕਿਸਾਨਾਂ ਨੂੰ ਅੰਨਦਾਤਾ ਜਾਂ ਹੋਰ ਸਤਿਕਾਰਿਤ ਸ਼ਬਦ ਦਾ ਵਿਰੋਧ ਕਰਕੇ ਇਸ ਜਮਾਤ ਦੇ ਖ਼ਿਲਾਫ਼ ਭੰਡੀ ਪ੍ਰਚਾਰ ਕਰਦੇ ਨਜ਼ਰ ਆਉਂਦੇ ਹਨ। ਹੋ ਸਕਦਾ ਹੈ ਕਿ ਉਹ ਕਿਸੇ ਸਿਆਸੀ ਖੇਲ ਦਾ ਹਿੱਸਾ ਹੋਵੇ। ਪਰ ਉਹਨਾਂ ਦੁਆਰਾ ਅੰਨਦਾਤੇ ਦੇ ਵਿਰੋਧੀ ਭੰਡੀ ਪ੍ਰਚਾਰਕਾਂ ਦੇ ਸਾਹਮਣੇ ਇਹ ਜਿਊਂਦੀ ਜਾਗਦੀ ਤਸਵੀਰ ਸਾਹ-ਮਣੇ ਕਿਉਂ ਨਹੀਂ ਆਉਂਦੀ? ਉਹਨਾਂ ਦੁਆਰਾ ਕਿਸਾਨਾਂ, ਮਜ਼ਦੂਰਾਂ, ਜ਼ਿਮੀਂਦਾਰਾਂ ਨੂੰ ਅੰਨਦਾਤਾ ਕਹਿਣ ਤੋਂ ਨਕਾਰਨਾ ਉਹਨਾਂ ਦੀ ਬਹੁਤ ਵੱਡੀ ਭੁੱਲ ਹੈ। ਕੁਦਰਤ ਦੀ ਮਾਰ ਝੱਲ ਰਹੇ ਦੁਖਾਂਤ ਦੇ ਮੱਦੇਨਜ਼ਰ ਕਿਸਾਨਾਂ ਦੀ ਇੱਕ ਤਸਵੀਰ ਜੇ ਹਜੇ ਵੀ ਤੁਹ-ਾਡੇ ਸਾਹਮਣੇ ਨਹੀਂ ਆਉਂਦੀ ਤਾਂ ਤੁਸੀਂ ਇਨਸਾਨ ਨਹੀਂ ਹੋ। ਕੋਈ ਵੀ ਵਿਅਕਤੀ ਅਗਰ ਥੋੜ੍ਹਾ ਬਹੁਤ ਗੈਰਤਮੰਦ ਹੋਵੇਗਾ ਤਾਂ ਉਹ ਉਹਨਾਂ ਦੀ ਇਸ ਆਰਥਿਕ ਮੰਦਹਾਲੀ ਦੇ ਕਾਰਨਾਂ ਬਾਰੇ ਤਾਂ ਜ਼ਰੂਰ ਸਮਝ ਸਕੇਗਾ।

ਪਿਛਲੇ ਦਿਨਾਂ ਤੋਂ ਰੱਜ ਕੇ ਮੀਂਹ ਪੈ ਰਿਹਾ ਹੈ ਤੇ ਗੜੇਮਾਰੀ ਹੋਈ ਹੈ। ਜ਼ਿਮੀਂਦਾਰਾਂ ਦੀਆਂ ਪੱਕੀਆਂ ਹੋਈਆਂ ਭਰ ਜੋਬਨ ਤੇ ਆਈਆਂ ਫ਼ਸਲਾਂ ਆਏਂ ਸਿਰ ਸੁੱਟੀਂ ਪਈਆਂ ਹਨ ਜਿਵੇਂ ਯੁੱਧ ਦੇ ਮੈਦਾਨ ਵਿੱਚ ਇੱਕ ਦੁਸ਼ਮਣ ਫੌਜਾਂ ਵੱਲੋਂ ਵਿਰੋਧੀ ਫੌਜਾਂ ਦੇ ਆਹੂ ਲਾਹ ਕੇ ਸੁੱਟ ਦਿੱਤੇ ਹੋਣ। ਐਨ ਸਿਖ਼ਰ ਜੋਬਨ ਤੇ ਪਹੁੰਚ ਕੇ ਕਿਸਾਨਾਂ ਦੀਆਂ ਪੁੱਤਾਂ ਵਾਂਗ ਪਾਲੀਆਂ ਫ਼ਸਲਾਂ ਕੁਦਰਤੀ ਆਫ਼ਤਾਂ ਦੀਆਂ ਸ਼ਿਕਾਰ ਹੋ ਜਾਂਦੀਆਂ ਹਨ। ਖੇਤੀਬਾੜੀ ਕਰਨ ਵਾਲੇ ਕਿਸਾਨ ਕੋਲ ਆਪਣੀ ਐਨੀ ਜ਼ਮੀਨ ਨਹੀਂ ਹੁੰਦੀ ਜਿੰਨੀ ਉਸ ਨੇ ਠੇਕੇ ਤੇ ਲੈ ਕੇ ਵਾਹੀ ਕੀਤੀ ਹੁੰਦੀ ਹੈ। ਜ਼ਮੀਨ ਦਾ ਠੇਕਾ ,ਬੀਜ, ਦਵਾਈਆਂ, ਸਪਰੇਆਂ, ਬਿਜਲੀ, ਟਰੈਕਟਰਾਂ ਟਰਾਲੀਆਂ ਅਤੇ ਹੋਰ ਸੰਦਾਂ ਅਤੇ ਡੀਜ਼ਲ, ਮੋਟਰਾਂ, ਦਿਹਾੜੀਦਾਰਾਂ ਦੇ ਖਰਚੇ ਤਾਂ ਉਸ ਨੇ ਕਰਨੇ ਹੀ ਹੁੰਦੇ ਹਨ।ਇਹ ਸਾਰੇ ਖ਼ਰਚਿਆਂ ਵਿੱਚੋਂ ਕੁਝ ਕੁ ਪਹਿਲਾਂ ਕੀਤੇ ਹੁੰਦੇ ਹਨ ਅਤੇ ਕੁਝ ਕੁ ਉਧਾਰ ਫ਼ੜ ਕੇ ਕੀਤੇ ਹੁੰਦੇ ਹਨ , ਸੰਦਾਂ ਦੀਆਂ ਕਿਸ਼ਤਾਂ ਉਤਾਰਨੀਆਂ ਹੁੰਦੀਆਂ ਹਨ,ਕੁਝ ਖਰਚੇ ਬਾਅਦ ਵਿੱਚ ਕਰਨੇ ਹੁੰਦੇ ਹਨ।ਫ਼ਸਲ ਦੀ ਕਟਾਈ,ਉਸ ਨੂੰ ਵੇਚਣ ਲਈ ਮੰਡੀਆਂ ਵਿੱਚ ਸਹੀ ਭਾਅ ਲੈਣ ਲਈ ਜੱਦੋਜਹਿਦ ਕਰਨੀ, ਧੱਕੇ ਖਾਣੇ, ਆਪਣੀ ਪੁੱਤਾਂ ਵਰਗੀ ਫ਼ਸਲ ਦਾ ਮੁੱਲ ਪਵਾਉਣ ਲਈ ਅਫ਼ਸਰਾਂ ਦੇ ਮਿੰਨਤਾਂ ਤਰਲੇ ਕਰਨੇ ਉਸ ਤੋਂ ਵੀ ਵੱਧ ਬਿਜਾਈ ਲਈ ਜ਼ਮੀਨ ਵਾਹੁਣ ਤੋਂ ਲੈਕੇ ਕਟਾਈ ਕਰਕੇ ਫ਼ਸਲ ਦੀ ਸਾਂਭ ਸੰਭਾਲ ਤੇ ਉਸ ਤੋਂ ਬਾਅਦ ਅਗਲੀ ਫ਼ਸਲ ਲਈ ਜ਼ਮੀਨ ਵਾਹ ਕੇ ਤਿਆਰ ਕਰਨ ਤੱਕ, ਫਿਰ ਜਦ ਮੁੱਲ ਪਾਉਣ ਦਾ ਸਮਾਂ ਆਉਂਦਾ ਹੈ ਤਾਂ ਆਹ ਕੁਦਰਤੀ ਆਪਦਾਵਾਂ ਦੀ ਭੇਂਟ ਆਪਣੀ ਮਿਹਨਤ ਅਤੇ ਪੈਸਾ ਰੁੜ੍ਹਦਾ ਦੇਖਣਾ,ਇਹ ਕਿਸਾਨ ਦੇ ਹਿੱਸੇ ਹੀ ਆਇਆ ਹੈ। ਜਿੰਨੀ ਮਿਹਨਤ ਕਿਸਾਨਾਂ ਨੇ ਕੀਤੀ ਹੁੰਦੀ ਹੈ ਸ਼ਾਇਦ ਕਿਸੇ ਹੋਰ ਕਿੱਤਾਕਾਰਾਂ ਨੂੰ ਨਹੀਂ ਕਰਨੀ ਪੈਂਦੀ। ਚਲੋ ਜੇ ਕਰਨੀ ਵੀ ਪੈਂਦੀ ਹੈ ਤਾਂ ਉਹਨਾਂ ਨੂੰ ਉਸ ਦੀ ਵਸੂਲੀ ਸਮੇਂ ਸਿਰ ਮਿਲ਼ ਕੇ ਪੈਸਾ ਹੱਥ ਵਿੱਚ ਆ ਜਾਂਦਾ ਹੈ। ਕਿਸਾਨ ਦੋਵੇਂ ਹੱਥਾਂ ਨਾਲ ਪੈਸਾ ਖੇਤਾਂ ਵਿੱਚ ਵਿਛਾ ਕੇ ਉਸ ਨੂੰ ਉੱਗਦਾ ਵੇਖ ਰਹੇ ਹੁੰਦੇ ਹਨ,ਜਦ ਇਸ ਤਰ੍ਹਾਂ ਹਾੜੀ ਸਾਉਣੀ ਦੀਆਂ ਪੱਕੀਆਂ ਫ਼ਸਲਾਂ ਹੜ੍ਹਾਂ ਸੋਕਿਆਂ ਨਾਲ ਮਰ ਜਾਂਦੀਆਂ ਹਨ ਤਾਂ ਉਸ ਤੋਂ ਪੁੱਛ ਕੇ ਦੇਖੋ ਜਿਸ ਨੇ ਆਪਣਾ ਦਿਨ ਰਾਤ ਇੱਕ ਕਰਕੇ ਸਾਡਾ ਪੇਟ ਪਾਲਣ ਲਈ ਆਪਣਾ ਤਨ ਮਨ ਧਨ ਦਾਅ ਤੇ ਲਾਇਆ ਹੁੰਦਾ ਹੈ,ਉਹ ਸਭ ਕੁਝ ਉਜੜ ਜਾਂਦਾ ਹੈ,ਬਾਕੀ ਦੇ ਖਰਚੇ ਕਰਜ਼ੇ ਲੈ ਲੈ ਕੇ ਲਾਹੁੰਦਾ ਹੈ, ਇਸ ਤਰ੍ਹਾਂ ਅਗਲੀ ਫ਼ਸਲ ਤੱਕ ਕਰਜ਼ੇ ਉੱਪਰ ਵਿਆਜ ਚੜ੍ਹ ਚੜ੍ਹ ਕੇ ਦੂੱਗਣਾ ਹੋ ਜਾਂਦਾ ਹੈ, ਫਿਰ ਉਹਨਾਂ ਦੇ ਪੱਲੇ ਕਰਜ਼ਾ ਜਾਂ ਖ਼ੁਦਕੁਸ਼ੀਆਂ ਰਹਿ ਜਾਂਦੀਆਂ ਹਨ। ਉਹ ਵੀ ਮਿਹਨਤ ਮਜ਼ਦੂਰੀ ਜਾਂ ਹੋਰ ਕਾਰੋਬਾਰ ਕਰਕੇ ਸ਼ਹਿਰੀ ਲੋਕਾਂ ਵਾਂਗ ਆਪਣੀ ਗੁਜ਼ਰ ਬਸਰ ਸੁਧਾਰ ਸਕਦਾ ਹੈ। ਪਰ ਸੋਚੋ ਜੇ ਕਿਸਾਨ ਮਜ਼ਦੂਰ ਜ਼ਮੀਨਾਂ ਵਿੱਚ ਫ਼ਸਲਾਂ ਉਗਾਉਣੀਆਂ ਬੰਦ ਕਰ ਦੇਣਗੇ ਤਾਂ ਕਿਸਾਨ ਨੂੰ ਅੰਨਦਾਤਾ ਕਹਿਣ ਤੋਂ ਨਕਾਰਨ ਵਾਲੇ ਲੋਕਾਂ ਦੇ ਡਾਈਨਿੰਗ ਟੇਬਲਾਂ ਤੇ ਲੱਗੇ ਖਾਣਿਆਂ ਦੀ ਕੀਮਤ ਐਨੀ ਵਧ ਜਾਏਗੀ ਕਿ ਉਸ ਦਾ ਸਵਾਦ ਬਹੁਤ ਕੌੜਾ ਹੋ ਜਾਵੇਗਾ ਜੋ ਉਹਨਾਂ ਨੂੰ ਸੰਘੀ ਤੋਂ ਹੇਠਾਂ ਉਤਾਰਨ ਲਈ ਬਹੁਤ ਕੁਝ ਸੋਚਣਾ ਪਵੇਗਾ।



ਪਿਛਲੇ ਦਿਨਾਂ ਤੋਂ ਰੱਜ ਕੇ ਮੀਂਹ ਪੈ ਰਿਹਾ ਹੈ ਤੇ ਗੜੇਮਾਰੀ ਹੋਈ ਹੈ। ਜ਼ਿਮੀਂਦਾਰਾਂ ਦੀਆਂ ਪੱਕੀਆਂ ਹੋਈਆਂ ਭਰ ਜੋਬਨ ਤੇ ਆਈਆਂ ਫ਼ਸਲਾਂ ਆਏਂ ਸਿਰ ਸੁੱਟੀਂ ਪਈਆਂ ਹਨ ਜਿਵੇਂ ਯੁੱਧ ਦੇ ਮੈਦਾਨ ਵਿੱਚ ਇੱਕ ਦੁਸ਼ਮਣ ਫੌਜਾਂ ਵੱਲੋਂ ਵਿਰੋਧੀ ਫੌਜਾਂ ਦੇ ਆਹੂ ਲਾਹ ਕੇ ਸੁੱਟ ਦਿੱਤੇ ਹੋਣ। ਐਨ ਸਿਖ਼ਰ ਜੋਬਨ ਤੇ ਪਹੁੰਚ ਕੇ ਕਿਸਾਨਾਂ ਦੀਆਂ ਪੁੱਤਾਂ ਵਾਂਗ ਪਾਲੀਆਂ ਫ਼ਸਲਾਂ ਕੁਦਰਤੀ ਆਫ਼ਤਾਂ ਦੀਆਂ ਸ਼ਿਕਾਰ ਹੋ ਜਾਂਦੀਆਂ ਹਨ। ਖੇਤੀਬਾੜੀ ਕਰਨ ਵਾਲੇ ਕਿਸਾਨ ਕੋਲ ਆਪਣੀ ਐਨੀ ਜ਼ਮੀਨ ਨਹੀਂ ਹੁੰਦੀ ਜਿੰਨੀ ਉਸ ਨੇ ਠੇਕੇ ਤੇ ਲੈ ਕੇ ਵਾਹੀ ਕੀਤੀ ਹੁੰਦੀ ਹੈ।

ਸਾਡੇ ਦੇਸ਼ ਵਿੱਚ ਜਾਤਾਂ ਪਾਤਾਂ ਅਤੇ ਧਰਮਾਂ ਦੀਆਂ ਵੰਡੀਆਂ ਦੇ ਨਾਲ ਨਾਲ ਸਿਆਸੀ ਵੰਡੀਆਂ ਨਾਲ ਆਮ ਲੋਕਾਂ ਨੂੰ ਬਹੁਤ ਤਰੀਕਿਆਂ ਦੇ ਹੱਥਕੰਡੇ ਅਪਣਾ ਕੇ ਵੰਡਿਆ ਜਾਂਦਾ ਹੈ। ਜੱਟ, ਜ਼ਿਮੀਂਦਾਰ,ਕਿਸਾਨ, ਮਜ਼ਦੂਰ ਸਾਰੇ ਸ਼ਬਦਾਂ ਦਾ ਭਾਵਾਰਥ ਸਾਂਝਾ ਹੀ ਹੈ ਪਰ ਸਾਡੇ ਦੇਸ਼ ਵਿੱਚ ਇਸ ਵਿੱਚੋਂ ਜੱਟ, ਜ਼ਿਮੀਂਦਾਰ ਤੇ ਕਿਸਾਨ ਸ਼ਬਦਾਂ ਨੂੰ ਇੱਕ ਵਿਸ਼ੇਸ਼ ਜਾਤ ਨਾਲ ਅਤੇ ਮਜ਼ਦੂਰਾਂ ਨੂੰ ਅਲੱਗ ਜਾਤ ਨਾਲ ਜੋੜ ਕੇ ਵੰਡੀਕਰਨ ਕੀਤਾ ਜਾਂਦਾ ਹੈ ਜਿਸ ਨਾਲ ਇਹ ਵਰਗ ਵੀ ਆਪਸ ਵਿੱਚ ਵੰਡੇ ਜਾਂਦੇ ਹਨ।ਜਦ ਇਹਨਾਂ ਦਾ ਇਕੱਠੇ ਸੰਘਰਸ਼ ਕਰਨ ਦਾ ਸਮਾਂ ਹੁੰਦਾ ਹੈ ਤਾਂ ਇਹਨਾਂ ਨੂੰ ਇੱਕ ਵਿਸ਼ੇਸ਼ ਧਰਮ ਨਾ਼ਲ ਜੋੜ ਕੇ ਵਿਰੋਧੀ ਧਿਰ ਮੰਨ ਲਿਆ ਜਾਂਦਾ ਹੈ ਜਿਸ ਕਰਕੇ ਇਹਨਾਂ ਉਪਰੋਕਤ ਗੱਲਾਂ ਕਾਰਨ ਖੂਬ ਸਿਆਸਤ ਹੁੰਦੀ ਹੈ ਜਿਸ ਦਾ ਲਾਹਾ ਸਿਆਸਤਦਾਨ ਖੱਟਦੇ ਹਨ। ਪਰ ਇੱਕ ਕਿਸਾਨ ਹੀ ਹੈ ਜੋ ਕੁਦਰਤ ਦੀਆਂ ਆਫ਼ਤਾਂ ਝੱਲ ਕੇ, ਆਪਣੀਆਂ ਅੱਖਾਂ ਸਾਹਮਣੇ ਸਭ ਕੁਝ ਬਰਬਾਦ ਹੁੰਦਾ ਵੇਖ ਕੇ ਸਿਰਫ਼ ਸਬਰ ਦਾ ਘੁੱਟ ਭਰ ਕੇ ਰਹਿ ਜਾਂਦਾ ਹੈ ਤੇ ਫਿਰ ਸਾਰਾ ਸਾਲ ਮੁਆਵਜ਼ੇ ਲੈਣ ਖਾਤਰ ਸਰਕਾਰੇ ਦਰਬਾਰੇ ਮੰਗਤਿਆਂ ਵਾਂਗੂੰ ਧੱਕੇ ਖਾਣੇ ਪੈਂਦੇ ਹਨ। ਜੇ ਸੁਣਵਾਈ ਨਾ ਹੋਣ ਤੇ ਉਹ ਇਨਕਲਾਬੀ ਰੁੱਖ ਅਪਣਾਉਣ ਤਾਂ ਫਿਰ ਉਹਨਾਂ ਨੂੰ ਹੀ ਲਾਹਨਤਾਂ ਪਾਈਆਂ ਜਾਂਦੀਆਂ ਹਨ। ਕਿਸਾਨਾਂ ਨੂੰ ਹਰ ਮਹੀਨੇ ਤਨਖਾਹ ਨਹੀਂ ਆਉਂਦੀ,ਉਸ ਵਿਚਾਰੇ ਨੇ ਤਾਂ ਸਾਲ ਵਿੱਚ ਦੋ ਵਾਰ ਹੀ ਕਮਾਈ ਕਰਨੀ ਹੁੰਦੀ ਹੈ ਪਰ ਉਸ ਨੂੰ ਦੋ ਦੋ ਵਾਰ ਹੀ ਕੁਦਰਤੀ ਆਫ਼ਤਾਂ ਦਾ ਸ਼ਿਕਾਰ ਹੋਣਾ ਪੈਂਦਾ ਹੈ। ਪਹਿਲਾਂ ਹੜ੍ਹ ਉਹਨਾਂ ਦੇ ਘਰ,ਸਮਾਨ ,ਖੇਤ, ਫ਼ਸਲਾਂ ਰੋੜ੍ਹ ਕੇ ਲੈ ਗਏ, ਮਿਹਨਤਾਂ ਕਰ ਕਰ ਕੇ ਉਸ ਨੇ ਫਿਰ ਆਪਣੇ ਆਪ ਨੂੰ ਇਸ ਆਸ ਤੇ ਖੜ੍ਹਾ ਕੀਤਾ ਕਿ ਅਗਲੀ ਫ਼ਸਲ ਦੇ ਸਿਰ ਤੇ ਗੁਜ਼ਾਰਾ ਕਰ ਲਵੇਗਾ,ਪਰ ਸੋਨੇ ਵਾਂਗ ਲਹਿਰਾਉਂਦੀ ਫ਼ਸਲ ਨੂੰ ਬਰਬਾਦ ਹੁੰਦਾ ਵੇਖ ਕੇ ਫਿਰ ਉਸ ਦੇ ਸਬਰ ਹੀ ਪੱਲੇ ਰਹਿ ਗਿਆ। ਐਵੇਂ ਤਾਂ ਨੀ ਕਿਸੇ ਨੇ ਇਹ ਕਹਾਵਤ ਬਣਾਈ ਕਿ ਜੱਟ ਦੀ ਜੂਨ ਬੁਰੀ... !




ਬਰਜਿੰਦਰ ਕੌਰ ਬਿਸਰਾਓ...
9988901324

Jai Bheem | Jai Savidhan | Jai Bharat



14-4-1891



11-4-1827

*You are requested to attend the*

## Vishal Chetna March

**On Saturday 11th April 2026**

*Start 11:00 a.m.*

*from* **Dr. B.R. Ambedkar Model School**

*Moh. Guru Ravidasspur, Mehatpur Road, Nakodar*

## Dr. Ambedkar Ji & Mahatma Jyotirao Phule Ji Birth Anniversary & Annual Prize Distribution Function

**On Tuesday 14th April 2026**

*10:00 a.m.*

*at Dr. B.R. Ambedkar Model School, Nakodar*

**Chief Guest**

**Dr. Rajinder Kumar Kaul**

M.B.B.S

Retd. S.M.O

**Presided By**

**Mr. Banta Ram Jakhu**

**Smt. Satya Devi Jakhu**

Canada

**Organised by**

**Dr. Ambedkar Memorial Committee Regd.**

**Dr. B.R. Ambedkar Model School**

*Mohalla Guru Ravidasspur, Nakodar*

*President (M : 75298 06701), Chairman (M : 98555-49507)*

# ਮੱਧ-ਪੂਰਬ ਵਿੱਚ ਤੁਰੰਤ ਜੰਗਬੰਦੀ ਦੀ ਮੰਗ- ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ)

ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਮੱਧ-ਪੂਰਬ ਵਿੱਚ ਵਧ ਰਹੀ ਹਿੰਸਾ ਅਤੇ ਜੰਗੀ ਸਥਿਤੀ 'ਤੇ ਗੰਭੀਰ ਚਿੰਤਾ ਜਤਾਉਂਦਿਆਂ ਤੁਰੰਤ ਜੰਗਬੰਦੀ ਦੀ ਮੰਗ ਕੀਤੀ ਹੈ। ਅੱਜ ਜਾਰੀ ਕੀਤੇ ਗਏ ਬਿਆਨ ਵਿੱਚ ਸੰਸਥਾ ਨੇ ਕਿਹਾ ਕਿ ਲਗਾਤਾਰ ਹੋ ਰਹੇ ਸੈਨਿਕ ਹਮਲਿਆਂ ਕਾਰਨ ਆਮ ਲੋਕ ਸਭ ਤੋਂ ਵੱਡੀ ਕੀਮਤ ਚੁਕਾ ਰਹੇ ਹਨ। ਹਜ਼ਾਰਾਂ ਲੋਕ ਆਪਣੀਆਂ ਜਾਨਾਂ ਗਵਾ ਰਹੇ ਹਨ, ਬੇਸ਼ੁਮਾਰ ਲੋਕ ਜ਼ਖ਼ਮੀ ਹੋ ਰਹੇ ਹਨ ਅਤੇ ਵੱਡੀ ਗਿਣਤੀ ਵਿੱਚ ਪਰਿਵਾਰ ਆਪਣੇ ਘਰ ਛੱਡਣ ਲਈ ਮਜਬੂਰ ਹੋ ਰਹੇ ਹਨ, ਜਿਸ ਨਾਲ ਪੂਰੇ ਖੇਤਰ ਵਿੱਚ ਗੰਭੀਰ ਮਨੁੱਖੀ ਸੰਕਟ ਪੈਦਾ ਹੋ ਗਿਆ ਹੈ। ਐਸੋਸੀਏਸ਼ਨ ਨੇ ਕਿਹਾ ਕਿ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬਿਨਯਾਮਿਨ ਨੇਤਨਯਾਹੂ ਦੀਆਂ ਨੀਤੀਆਂ ਨੇ ਖੇਤਰ ਨੂੰ ਹੋਰ ਅਸਥਿਰਤਾ ਅਤੇ ਤਬਾਹੀ ਵੱਲ ਧੱਕ ਦਿੱਤਾ ਹੈ। ਬਿਆਨ ਵਿੱਚ ਇਹ ਵੀ ਕਿਹਾ ਗਿਆ ਕਿ ਨੇਤਨਯਾਹੂ ਅਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵਰਗੀਆਂ ਜੰਗੀ ਸੋਚ ਵਾਲੀਆਂ ਲੀਡਰਸ਼ਿਪਾਂ ਨੇ ਸੰਸਾਰਕ ਤਣਾਅ ਨੂੰ ਵਧਾਉਣ ਵਿੱਚ ਯੋਗਦਾਨ ਪਾਇਆ ਹੈ। ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਨੇ ਕਿਹਾ ਕਿ ਸੈਨਿਕ ਹਮਲਿਆਂ ਦਾ ਜਾਰੀ ਰਹਿਣਾ ਮਨੁੱਖੀ ਦੁੱਖਾਂ ਨੂੰ ਹੋਰ ਵਧਾਏਗਾ।

"ਮੱਧ-ਪੂਰਬ ਵਿੱਚ ਚੱਲ ਰਹੀ ਜੰਗ ਅਤੇ ਬੰਬਬਾਰੀ ਮਨੁੱਖਤਾ ਲਈ ਗੰਭੀਰ ਖ਼ਤਰਾ ਹੈ। ਇਨ੍ਹਾਂ ਹਮਲਿਆਂ ਨੇ ਬੇਕਸੂਰ ਲੋਕਾਂ ਦੀ ਜ਼ਿੰਦਗੀ ਤਬਾਹ ਕਰ ਦਿੱਤੀ ਹੈ ਅਤੇ ਪੂਰੇ ਖੇਤਰ ਵਿੱਚ ਤਣਾਅ ਵਧਾ ਦਿੱਤਾ ਹੈ। ਦੁਨੀਆ ਨੂੰ



ਅਜਿਹੀ ਲੀਡਰਸ਼ਿਪ ਦੀ ਲੋੜ ਹੈ ਜੋ ਅਮਨ, ਸੰਵਾਦ ਅਤੇ ਇਨਸਾਫ਼ ਨੂੰ ਤਰਜੀਹ ਦੇਵੇ, ਨਾ ਕਿ ਅਜਿਹੀਆਂ ਨੀਤੀਆਂ ਜੋ ਟਕਰਾਅ ਨੂੰ ਹੋਰ ਭੜਕਾਉਣ," ਉਨ੍ਹਾਂ ਕਿਹਾ। ਗਿੱਲ ਨੇ ਸੰਸਾਰ ਦੀਆਂ ਸਰਕਾਰਾਂ ਅਤੇ ਸੰਯੁਕਤ ਰਾਸ਼ਟਰ ਨੂੰ ਅਪੀਲ ਕੀਤੀ ਕਿ ਉਹ ਤੁਰੰਤ ਦਖ਼ਲ ਦੇ ਕੇ ਜੰਗਬੰਦੀ ਨੂੰ ਯਕੀਨੀ ਬਣਾਉਣ ਅਤੇ ਸਾਰੇ ਪੱਖਾਂ ਨੂੰ ਕੂਟਨੀਤਿਕ ਗੱਲਬਾਤ ਰਾਹੀਂ ਹੱਲ ਲੱਭਣ ਲਈ ਪ੍ਰੇਰਿਤ ਕਰਨ। ਉਨ੍ਹਾਂ ਇਹ ਵੀ ਕਿਹਾ ਕਿ ਕਈ ਦੇਸ਼ ਅਤੇ ਅੰਤਰਰਾਸ਼ਟਰੀ ਭਾਈਚਾਰੇ ਤਣਾਅ ਘਟਾਉਣ ਅਤੇ ਸੰਵਾਦ ਨੂੰ ਅੱਗੇ ਵਧਾਉਣ ਲਈ ਕੋਸ਼ਿਸ਼ਾਂ ਕਰ ਰਹੇ ਹਨ। ਯੂਰਪੀ ਯੂਨੀਅਨ ਦੇ ਦੇਸ਼ਾਂ ਵਿੱਚ ਫਰਾਂਸ, ਜਰਮਨੀ, ਸਪੇਨ ਅਤੇ ਆਇਰਲੈਂਡ ਨੇ ਸੰਜਮ ਵਰਤਣ, ਅੰਤਰਰਾਸ਼ਟਰੀ ਕਾਨੂੰਨਾਂ ਦੀ ਪਾਲਣਾ ਕਰਨ ਅਤੇ ਹਿੰਸਾ ਖਤਮ ਕਰਨ ਲਈ ਕੂਟਨੀਤਿਕ ਕੋਸ਼ਿਸ਼ਾਂ ਦੀ ਅਪੀਲ ਕੀਤੀ ਹੈ। ਐਸੋਸੀਏਸ਼ਨ ਨੇ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਵੱਲੋਂ ਕੀਤੇ ਉਸ ਬਿਆਨ ਦਾ ਵੀ ਸਵਾਗਤ ਕੀਤਾ ਹੈ ਜਿਸ ਵਿੱਚ ਕਿਹਾ ਗਿਆ ਕਿ ਇਜ਼ਰਾਈਲ ਦੇ ਹਮਲੇ ਰੁਕਣੇ ਚਾਹੀਦੇ ਹਨ। ਸੰਸਥਾ ਦਾ ਮੰਨਣਾ ਹੈ ਕਿ ਇਹ ਬਿਆਨ ਸੰਸਾਰ ਭਰ ਵਿੱਚ ਵਧ ਰਹੀ ਚਿੰਤਾ ਨੂੰ ਦਰਸਾਉਂਦਾ ਹੈ ਅਤੇ ਅਮਨ ਲਈ ਹੋਰ ਮਜ਼ਬੂਤ ਕੂਟਨੀਤਿਕ ਕੋਸ਼ਿਸ਼ਾਂ ਦੀ ਲੋੜ ਨੂੰ ਉਭਾਰਦਾ ਹੈ। ਗਿੱਲ ਨੇ ਕਿਹਾ, "ਅੰਤਰਰਾਸ਼ਟਰੀ ਭਾਈਚਾਰੇ ਨੂੰ ਸੱਚ, ਇਨਸਾਫ਼ ਅਤੇ ਮਨੁੱਖਤਾ ਦੇ ਪੱਖ ਵਿੱਚ ਖੜ੍ਹਨਾ ਚਾਹੀਦਾ ਹੈ। ਸਿਰਫ਼ ਸੰਵਾਦ ਅਤੇ ਕੂਟਨੀਤੀ ਹੀ ਲੰਬੇ ਸਮੇਂ ਲਈ ਟਿਕਾਊ ਅਮਨ ਦਾ ਰਾਹ ਖੋਲ੍ਹ ਸਕਦੇ ਹਨ।"

ਸਮਾਜ ਵੀਕਲੀ ਨਿਊਜ਼

# ਅੰਤੜੀਆਂ ਦਾ ਕੈਂਸਰ (Bowel Cancer)

ਅਜੋਕੇ ਦੌਰ ਵਿੱਚ ਜੀਵਨ ਸ਼ੈਲੀ ਰੋਜ਼ਾਨਾ ਬਦਲ ਰਹੀ ਹੈ ਅਤੇ ਇਸ ਕਾਰਨ ਲੋਕਾਂ ਦੀ ਸਿਹਤ ਪ੍ਰਤੀ ਜਾਗਰੂਕਤਾ ਵੱਧ ਰਹੀ ਹੈ। ਅੱਜ ਕੱਲ ਪ੍ਰੋਸੈਸਡ ਖਾਣਿਆਂ ਕਾਰਨ ਅੰਤੜੀਆਂ ਦਾ ਕੈਂਸਰ ਦੁਨੀਆ ਭਰ ਵਿੱਚ ਚਿੰਤਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ। ਵਿਸ਼ਾ ਮਾਹਿਰ ਮੰਨਦੇ ਹਨ ਕਿ ਸਮੇਂ ਸਿਰ ਪਛਾਣ ਅਤੇ ਸਧਾਰਣ ਜੀਵਨ ਸ਼ੈਲੀ ਵਿੱਚ ਬਦਲਾਅ ਜ਼ਿੰਦਗੀਆਂ ਬਚਾ ਸਕਦੇ ਹਨ।

ਅੰਤੜੀਆਂ ਦਾ ਕੈਂਸਰ ਕੀ ਹੈ?

ਅੰਤੜੀਆਂ ਦਾ ਕੈਂਸਰ, ਜਿਸਨੂੰ ਕੋਲੋਰੈਕਟਲ ਕੈਂਸਰ ਵੀ ਕਿਹਾ ਜਾਂਦਾ ਹੈ, ਵੱਡੀ ਅੰਤੜੀ (ਕੋਲਨ) ਜਾਂ ਰੈਕਟਮ ਵਿੱਚ ਹੋਣ ਵਾਲਾ ਕੈਂਸਰ ਹੈ। ਇਹ ਆਮ ਤੌਰ 'ਤੇ ਹੌਲੀ-ਹੌਲੀ ਵਿਕਸਿਤ ਹੁੰਦਾ ਹੈ ਅਤੇ ਛੋਟੀਆਂ ਗੰਢਾਂ (ਪੋਲੀਪਸ) ਤੋਂ ਸ਼ੁਰੂ ਹੁੰਦਾ ਹੈ, ਜੋ ਸਮੇਂ ਦੇ ਨਾਲ ਕੈਂਸਰ ਦਾ ਰੂਪ ਧਾਰ ਸਕਦੀਆਂ ਹਨ ਜੇਕਰ ਇਸ ਦਾ ਸਮੇਂ ਸਿਰ ਇਲਾਜ਼ ਨਾ ਕੀਤਾ ਜਾਵੇ।

ਅੰਤੜੀਆਂ ਦੇ ਕੈਂਸਰ ਦੇ ਕਾਰਣ ਕੀ ਹਨ?

ਇਸ ਦਾ ਕੋਈ ਇੱਕ ਹੀ ਕਾਰਣ ਨਹੀਂ ਸਪਸ਼ੱਟ ਰੂਪ ਵਿੱਚ ਨਜ਼ਰ ਨਹੀਂ ਆਉਂਦਾ ਪਰ ਕੁਝ ਕਾਰਕ ਇਸ ਦਾ ਖ਼ਤਰਾ ਵੱਧਾਉਂਦੇ ਹਨ: ਅਸਿਹਤਮੰਦ ਖੁਰਾਕ (ਜ਼ਿਆਦਾ ਪ੍ਰੋਸੈਸਡ ਅਤੇ ਲਾਲ ਮਾਸ), ਫਾਈਬਰ ਦੀ ਘੱਟ ਮਾਤਰਾ (ਫਲ, ਸਬਜ਼ੀਆਂ ਅਤੇ ਅਨਾਜ਼ ਦੀ ਕਮੀ), ਜ਼ਿਆਦਾ ਬੈਠਕ ਵਾਲੀ ਜੀਵਨ ਸ਼ੈਲੀ (ਘੱਟ ਸਰੀਰਕ ਕਿਰਿਆਸ਼ੀਲਤਾ) ,ਮੋਟਾਪਾ, ਸਿਗਰਟਨੋਸ਼ੀ ਅਤੇ ਸ਼ਰਾਬ ਦੀ ਵਰਤੋਂ, ਪਰਿਵਾਰਕ ਇਤਿਹਾਸ, ਵੱਧਦੀ ਉਮਰ (ਆਮ ਤੌਰ 'ਤੇ 50 ਤੋਂ ਬਾਅਦ, ਪਰ ਨੌਜਵਾਨਾਂ ਵਿੱਚ ਵੀ ਵਾਧਾ ਹੋ ਰਿਹਾ ਹੈ) ਅਤੇ ਸਭ ਤੋਂ ਅਹਿਮ ਆਧੁਨਿਕ ਜੀਵਨ ਸ਼ੈਲੀ ਇਸ ਦੇ ਸਭ ਤੋਂ ਵੱਡੇ ਕਾਰਕਾਂ ਵਿੱਚੋਂ ਇੱਕ ਹੈ।

ਸਧਾਰਣ ਲੱਛਣ ਜਿਨ੍ਹਾਂ 'ਤੇ ਧਿਆਨ ਦੇਣਾ ਚਾਹੀਦਾ ਹੈ

ਸ਼ੁਰੂਆਤੀ ਪੜਾਅ ਵਿੱਚ ਇਹ ਕੈਂਸਰ ਖਾਮੋਸ਼ ਰਹਿ ਸਕਦਾ ਹੈ, ਪਰ ਕੁਝ ਚੇਤਾਵਨੀ ਸੰਕੇਤ ਹਨ ਪੇਟ ਦੀ ਆਦਤਾਂ ਵਿੱਚ ਬਦਲਾਅ (ਦਸਤ ਜਾਂ ਕਬਜ਼), ਮਲ ਵਿੱਚ ਖ਼ੂਨ, ਬਿਨਾ ਕਾਰਣ ਵਜ਼ਨ ਘੱਟਣਾ, ਲਗਾਤਾਰ ਪੇਟ ਦਰਦ ਜਾਂ ਅਸਹਿਜਤਾ, ਥਕਾਵਟ ਜਾਂ ਕਮਜ਼ੋਰੀ (ਐਨੀਮੀਆ ਕਾਰਨ) ਇਹ ਮਹਿਸੂਸ ਹੋਣਾ ਕਿ ਪੇਟ ਪੂਰੀ ਤਰ੍ਹਾਂ ਖਾਲੀ ਨਹੀਂ ਹੋਇਆ ਇਹ ਲੱਛਣ ਹੋਰ ਬਿਮਾਰੀਆਂ ਵਿੱਚ ਵੀ ਹੋ ਸਕਦੇ ਹਨ, ਪਰ ਇਨ੍ਹਾਂ ਨੂੰ ਅਣਡਿੱਠਾ ਕਰਨਾ ਖ਼ਤਰਨਾਕ ਹੋ ਸਕਦਾ ਹੈ।

ਬਚਾਅ ਲਈ ਸਧਾਰਣ ਖੁਰਾਕ

ਸਿਹਤਮੰਦ ਖੁਰਾਕ ਖ਼ਤਰਾ ਘਟਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ ਰੇਸ਼ਿਆਂ ਵਾਲੇ ਭੋਜਨ (ਮੋਟਾ ਅਨਾਜ਼, ਦਲੀਆ, ਚਾਵਲ), ਤਾਜ਼ੇ ਫਲ ਅਤੇ ਸਬਜ਼ੀਆਂ, ਦਾਲਾਂ (ਮਸਰ, ਰਾਜਮਾਂਹ, ਛੋਲੇ), ਭਰਪੂਰ ਮਾਤਰਾ ਵਿੱਚ ਪਾਣੀ ਪੀਣਾ ਬਚਾਅ ਦੇ



ਕੁਝ ਘਰੇਲੂ ਉਪਾਅ ਹਨ।

ਕਿਹੜੀ ਖ਼ੁਰਾਕ ਤੋਂ ਬਚਣਾ ਚਾਹੀਦਾ ਹੈ?

ਪ੍ਰੋਸੈਸਡ ਮੀਟ , ਲਾਲ ਮਾਸ (ਜ਼ਿਆਦਾ ਮਾਤਰਾ ਵਿੱਚ), ਜੰਕ ਅਤੇ ਫਾਸਟ ਫੂਡ, ਮਿੱਠੇ ਕੋਲਡ ਡਰਿੰਕ, ਸ਼ਰਾਬ, ਸੰਤੁਲਿਤ ਅਤੇ ਪੌਧੇ-ਆਧਾਰਿਤ ਖ਼ੁਰਾਕ ਪਾਚਣ ਪ੍ਰਣਾਲੀ ਨੂੰ ਮਜ਼ਬੂਤ ਬਣਾਉਂਦੀ ਹੈ ਅਤੇ ਕੈਂਸਰ ਦੇ ਖ਼ਤਰੇ ਨੂੰ ਘਟਾਉਂਦੀ ਹੈ।

ਕੀ ਅੰਤੜੀਆਂ ਦਾ ਕੈਂਸਰ ਇੱਕ ਆਧੁਨਿਕ ਮਹਾਮਾਰੀ ਹੈ?

ਇਸਨੂੰ ਰਵਾਇਤੀ ਤੌਰ 'ਤੇ ਮਹਾਮਾਰੀ ਨਹੀਂ ਮੰਨਿਆ ਜਾਂਦਾ, ਪਰ ਇਸ ਦੇ ਵੱਧ ਰਹੇ ਮਾਮਲੇ—ਖ਼ਾਸ ਕਰਕੇ ਨੌਜਵਾਨਾਂ ਵਿੱਚ—ਇਸਨੂੰ ਇੱਕ ਵੱਡੀ ਵਿਸ਼ਵ ਪੱਧਰੀ ਸਿਹਤ ਸਮੱਸਿਆ ਬਣਾਉਂਦੇ ਹਨ। ਸ਼ਹਿਰੀਕਰਨ, ਫਾਸਟ ਫੂਡ, ਤਣਾਅ, ਕਸਰਤ ਦੀ ਕਮੀ ਅਤੇ ਵਾਤਾਵਰਣਕ ਕਾਰਕ ਇਸ ਵਾਧੇ ਲਈ ਜ਼ਿੰਮੇਵਾਰ ਹਨ। ਇਸ ਲਈ ਇਸਨੂੰ ਜੀਵਨ ਸ਼ੈਲੀ ਨਾਲ ਜੁੜੀ ਬਿਮਾਰੀ ਕਿਹਾ ਜਾ ਸਕਦਾ ਹੈ।

ਖੁਰਾਕ ਤੋਂ ਇਲਾਵਾ ਬਚਾਅ ਦੇ ਤਰੀਕੇ

ਨਿਯਮਿਤ ਕਸਰਤ, ਸਿਹਤਮੰਦ ਵਜ਼ਨ ਬਣਾਈ ਰੱਖਣਾ, ਸਿਗਰਟਨੋਸ਼ੀ ਅਤੇ ਸ਼ਰਾਬ ਤੋਂ ਦੂਰ ਰਹਿਣਾ, ਸਮੇਂ-ਸਮੇਂ 'ਤੇ ਸਿਹਤ ਜਾਂਚ (ਖ਼ਾਸ ਕਰਕੇ 45-50 ਤੋਂ ਬਾਅਦ), ਡਾਕਟਰ ਦੀ ਸਲਾਹ ਅਨੁਸਾਰ ਕੋਲੋਨੋਸਕੋਪੀ ਵਰਗੇ ਟੈਸਟ


ਅੰਤੜੀਆਂ ਦਾ ਕੈਂਸਰ ਗੰਭੀਰ ਹੈ, ਪਰ ਜੇ ਸਮੇਂ ਸਿਰ ਪਤਾ ਲੱਗ ਜਾਵੇ ਤਾਂ ਇਸ ਦਾ ਇਲਾਜ਼ ਸੰਭਵ ਹੈ ਅਤੇ ਬਚਾਅ ਵੀ ਕੀਤਾ ਜਾ ਸਕਦਾ ਹੈ। ਜਾਗਰੂਕਤਾ, ਸਿਹਤਮੰਦ ਖ਼ੁਰਾਕ ਅਤੇ ਨਿਯਮਿਤ ਜੀਵਨ ਸ਼ੈਲੀ ਨਾਲ ਇਸ ਦੇ ਖਤਰੇ ਨੂੰ ਕਾਫ਼ੀ ਘਟਾਇਆ ਜਾ ਸਕਦਾ ਹੈ।

ਆਪਣੇ ਸਰੀਰ ਦੀ ਸੁਣੋ, ਸਮੇਂ 'ਤੇ ਕਦਮ ਚੁੱਕੋ ਅਤੇ ਸਿਹਤਮੰਦ ਜੀਵਨ ਸ਼ੈਲੀ ਅਪਣਾਓ—ਤਾਂ ਜੋ ਆਪਣਾ ਭਵਿੱਖ ਸੁਰੱਖਿਅਤ ਕਰ ਸਕੋ।



**ਸੁਰਿੰਦਰਪਾਲ ਸਿੰਘ**
**ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।**


ज्योतिबा फुले, डाक्टर भीम राव अंबेडकर और बीपी मंडल को समर्पित
समता अधिकार सम्मेलन
रविवार, 12 अप्रैल 2026 , दोपहर 2:30 बजे से
यूपी प्रेस क्लब, लखनऊ
वक्ता
अनिल चमड़िया
वरिष्ठ पत्रकार
प्रो. राजेंद्र कुमार वर्मा
लखनऊ विश्वविद्यालय
रिंकू यादव
संयोजक, सामाजिक न्याय आंदोलन (बिहार)
दानिश
संयुक्त सचिव, जेएनयू छात्र संघ.
मुहम्मद शुऐब
अध्यक्ष, रिहाई मंच
करेंट एजेंडा और बसावन इंडिया पत्रिका के सामाजिक न्याय केंद्रित अंक का विमोचन
ऑल इंडिया फोरम फॉर इक्विटी, संविधान बचाओ संघर्ष समिति


EQUALITY DAY
CELEBRATION
Honouring Dr. B. R. Ambedkar
On His Birth Anniversary
DATE: 14 April
TIME: 5:30 PM – 7:30 PM
VENUE: [Coventry Council House
Join Us for an Inspiring Evening of:
Inspiring Speeches
Live Singing Performances
Classical & Cultural Dance
Equality Award Ceremony
Community Reflection
Special Mentions:
Address by Lord Mayor
Distinguished Guests & Community Leaders
Celebrating Equality in Action
THEME
"Educate • Agitate • Organize"
Let's come together to reflect, celebrate, and commit to equality in action.
Be Part of the Change
Leave with one action for equality
E
COVENTRY EQUALITY GROUP

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com